Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 188 Tuesday, October 01, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਐਲਜੀਬੀਟੀਕਿਊ ਕੈਨੇਡੀਅਨਾਂ ਦੀ ਹਿਫਾਜ਼ਤ ਲਈ ਲਿਆਂਦੇ ਜਾਣ ਵਾਲੇ ਬਿੱਲ ਦਾ ਸਮਰਥਨ ਕਰਾਂਗੇ : ਸ਼ੀਅਰ

ਓਟਵਾ, 30 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਸਰਕਾਰ ਅਜਿਹਾ ਬਿੱਲ ਲਿਆਵੇਗੀ ਤੇ ਉਸ ਦਾ ਸਮਰਥਨ ਕਰੇਗੀ ਜਿਹੜਾ ਐਲਜੀਬੀਟੀਕਿਊ ਕੈਨੇਡੀਅਨਾਂ ਦੀ ਹਿਫਾਜ਼ਤ ਕਰੇਗਾ। ਪਰ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਇਸ ਵਿੱਚ ਕਨਵਰਜ਼ਨ ਥੈਰੇਪੀ ਉੱਤੇ ਪਾਬੰਦੀ ਲਾਉਣ ਲਈ ਕ੍ਰਿਮੀਨਲ ਕੋਡ ਵਿੱਚ ਸੋਧ ਕੀਤਾ ਜਾਣਾ ਵੀ ਸ਼ਾਮਲ ਹੈ।




ਦੂਜੇ ਪਾਸੇ ਵੀਕੈਂਡ ਉੱਤੇ ਲਿਬਰਲਾਂ ਵੱਲੋਂ ਜਾਰੀ ਕੀਤੇ ਗਏ ਪਲੇਟਫਾਰਮ ਵਿੱਚ ਬਾਕਾਇਦਾ ਇਹ ਵਾਅਦਾ ਕੀਤਾ ਗਿਆ ਹੈ ਕਿ ਧਾਰਮਿਕ ਕਾਊਂਸਲਿੰਗ ਰਾਹੀਂ ਕਿਸੇ ਵਿਅਕਤੀ ਦੇ ਜਿਨਸੀ ਜਾਂ ਲਿੰਗਕ ਝੁਕਾਅ ਨੂੰ ਬਦਲਣ ਦੇ ਇਸ ਰੁਝਾਨ ਉੱਤੇ ਪਾਬੰਦੀ ਲਾਈ ਜਾਵੇਗੀ। ਇਸ ਵਿੱਚ ਲਿਬਰਲ ਆਗੂ ਜਸਟਿਨ ਟਰੂਡੋ ਨੇ ਕਿਸੇ ਵੀ ਤਰ੍ਹਾਂ ਦੇ ਨੁਕਸਾਨਦੇਹ ਤੇ ਵਿਗਿਆਨਕ ਤੌਰ ਉੱਤੇ ਅਪ੍ਰਵਾਨਿਤ ਰੁਝਾਨ ਉੱਤੇ ਰੋਕ ਲਾਉਣ ਦਾ ਵਾਅਦਾ ਕੀਤਾ ਹੈ।

ਇਸ ਤਰ੍ਹਾਂ ਦੀ ਪਾਬੰਦੀ ਉੱਤੇ ਉਨ੍ਹਾਂ ਦੀ ਪਾਰਟੀ ਦੀ ਸਥਿਤੀ ਕੀ ਹੋਵੇਗੀ ਇਹ ਪੁੱਛੇ ਜਾਣ ਉੱਤੇ ਸ਼ੀਅਰ ਨੇ ਆਖਿਆ ਕਿ ਪਾਰਟੀ ਉਨ੍ਹਾਂ ਮਾਪਦੰਡਾਂ ਦਾ ਸਮਰਥਨ ਕਰੇਗੀ ਜਿਹੜੇ ਐਲਜੀਬੀਟੀਕਿਊ ਕੈਨੇਡੀਅਨਾਂ ਦੇ ਅਧਿਕਾਰਾਂ ਦੀ ਰਾਖੀ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਰੁਝਾਨਾਂ ਨੂੰ ਖ਼ਤਮ ਕਰਨ ਲਈ ਵਿਧਾਨਿਕ ਤਬਦੀਲੀਆਂ ਦਾ ਸਮਰਥਨ ਕਰੇਗੀ ਜਿਹੜੀਆਂ ਕਿਸੇ ਦੇ ਜਿਨਸੀ ਝੁਕਾਅ ਕਾਰਨ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤੇ ਜਾਣ ਜਾਂ ਧਮਕਾਉਣ ਖਿਲਾਫ ਲਿਆਂਦੀਆਂ ਜਾਣਗੀਆਂ। ...ਬਾਕੀ ਪੰਨਾ 6 'ਤੇ

# ਟਰੂਡੋ ਨੇ ਪਲੇਟਫਾਰਮ ਕੀਤਾ ਜਾਰੀ

## ਗੰਨ ਹਿੰਸਾ ਰੋਕਣ ਲਈ ਚੁੱਕਾਂਗੇ ਠੋਸ ਕਦਮ




ਓਟਵਾ, 30 ਸਤੰਬਰ (ਪੋਸਟ ਬਿਊਰੋ) : ਫੈਡਰਲ ਲਿਬਰਲਾਂ ਵੱਲੋਂ ਚੋਣਾਂ ਸਬੰਧੀ ਆਪਣਾ ਪਲੇਟਫਾਰਮ ਜਾਰੀ ਕਰ ਦਿੱਤਾ ਗਿਆ ਹੈ। ਇਸ ਨਾਲ ਨਾ ਸਿਰਫ ਜਸਟਿਨ ਟਰੂਡੋ ਬਾਰੇ ਸਗੋਂ ਉਨ੍ਹਾਂ ਦੇ ਵਿਰੋਧੀਆਂ ਬਾਰੇ ਵੀ ਗੱਲ ਕਰਨ ਦਾ ਮੌਕਾ ਮਿਲ ਗਿਆ ਹੈ।

ਕੰਜ਼ਰਵੇਟਿਵਾਂ ਦੀ ਢਾਹ ਭੰਨ੍ਹ ਮੁਤਾ-ਬਕ ਲਿਬਰਲਾਂ ਵੱਲੋਂ 57 ਬਿਲੀਅਨ ਡਾਲਰ ਦਾ ਨਵਾਂ ਖਰਚਾ ਕਰਨ ਦਾ ਵਾਅਦਾ ਆਪਣੇ ਪਲੇਟਫਾਰਮ ਵਿੱਚ ਕੀਤਾ ਗਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਅਮੀਰਾਂ, ਵੱਡੀਆ ਕੌਮਾਂਤਰੀ ਕਾਰਪੋਰੇਸ਼ਨਾਂ, ਵਿਦੇਸ਼ੀ ਹਾਊਸਿੰਗ ਸੱਟੇਬਾਜ਼ਾਂ ਤੇ ਟੈਕਨੀਕਲ ਜਾਇੰਟਜ਼ ਉੱਤੇ ਨਵੇਂ ਟੈਕਸ ਲਾ ਕੇ ਇਹ ਨਵਾਂ ਖਰਚਾ ਕੱਢਿਆ ਜਾਵੇਗਾ। ਇਸ ਪਲੇਟਫਾਰਮ ਵਿੱਚ ਅਗਲੇ ਸਾਲ 27.4 ਬਿਲੀਅਨ ਡਾਲਰ ਦਾ ਘਾਟਾ ਵੀ ਦਰਸਾਇਆ ਗਿਆ ਹੈ। ਇਹ ਵੀ ਆਖਿਆ ਗਿਆ ਹੈ ਕਿ ਅਗਲੇ ਚਾਰ ਸਾਲਾਂ ਵਿੱਚ ਇਹ ਘਾਟਾ ਘੱਟ ਕੇ 21 ਬਿਲੀਅਨ ਡਾਲਰ ਰਹਿ ਜਾਵੇਗਾ।

ਟਰੂਡੋ ਅੱਜ ਹੈਲਥ ਕੇਅਰ ਪ੍ਰੋਫੈਸ਼ਨਲਜ਼ ਨਾਲ ਗੱਲ ਕਰਨ ਲਈ ਟੋਰਾਂਟੋ ਵਿੱਚ ਹੋਣਗੇ। ਉਨ੍ਹਾਂ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਦੁਬਾਰਾ ਸੱਤਾ ਵਿੱਚ ਆਉਣ ਉੱਤੇ ਉਹ ਗੰਨ ਹਿੰਸਾ ਰੋਕਣ ਲਈ ਵੀ ਠੋਸ ਕਦਮ ਚੁੱਕਣਗੇ। ਟੋਰਾਂਟੋ ਦੇ ਪੁਲਿਸ ਡਾਟਾ ਅਨੁਸਾਰ ਇਸ ਸਮੇਂ ਗੰਨ ਹਿੰਸਾ ਦਾ ਮੁੱਦਾ ਸਿਟੀ ਦਾ ਮੁੱਖ ਮੁੱਦਾ ਬਣਿਆ ਹੋਇਆ ਹੈ। ਇੱਕਲੇ ਇਸ ਸਾਲ ਹੀ ਸ਼ੂਟਿੰਗ ਦੇ 325 ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿੱਚੋਂ 26 ਘਾਤਕ ਸਿੱਧ ਹੋਏ। ...ਬਾਕੀ ਪੰਨਾ 3 'ਤੇ

# ਟਰੂਡੋ ਨਾਲੋਂ ਟੁੱਟ ਰਹੇ ਹਨ ਨੌਜਵਾਨ ਵੋਟਰਜ਼?

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਟੀਨੇਜਰ ਐਨਵਾਇਰਮੈਂਟਲ ਐਕਟੀਵਿਸਟ ਗ੍ਰੇਟਾ ਥਨਬਰਗ ਨਾਲ ਮੁਲਾਕਾਤ ਕਰਨ ਤੇ ਆਪਣੀ ਪਾਰਟੀ ਦਾ ਪਲੇਟਫਾਰਮ ਜਾਰੀ ਕਰਨ ਤੋਂ ਬਾਅਦ ਯੰਗ ਵੋਟਰਾਂ ਵਿੱਚ ਜਸਟਿਨ ਟਰੂਡੋ ਦੀ ਹਰਮਨਪਿਆਰਤਾ ਘਟੀ ਲੱਗਦੀ ਹੈ।

ਨੈਨੋਜ਼ ਰਿਸਰਚ ਦੇ ਡਾਟਾ ਅਨੁਸਾਰ 18 ਤੋਂ 29 ਸਾਲ ਦੇ ਵੋਟਰਜ਼, ਜਿਹੜੇ ਟਰੂਡੋ ਨੂੰ ਆਪਣਾ ਪਸੰਦੀਦਾ ਪ੍ਰਧਾਨ ਮੰਤਰੀ ਉਮੀਦਵਾਰ ਦੱਸ ਰਹੇ ਸਨ, ਦੀ ਤਾਦਾਦ 24 ਘੰਟਿਆਂ ਦੇ ਅੰਦਰ 35 ਫੀ ਸਦੀ ਤੋਂ 24 ਫੀ ਸਦੀ ਦੇ ਨੇੜੇ ਤੇੜੇ ਘੱਟ ਗਈ ਹੈ। ਪੋਲਸਟਰ ਨਿੱਕ ਨੈਨੋਜ਼ ਨੇ ਆਖਿਆ ਕਿ ਜੇ ਤੁਸੀਂ ਲਿਬਰਲ ਹੋਂ ਤਾਂ ਤੁਸੀਂ ਇਸ ਕਾਰਨ ਕਾਫੀ ਪਰੇਸ਼ਾਨ ਹੋ ਸਕਦੇ ਹੋਂ। ਇਸ ਵੰਨਗੀ ਵਿੱਚ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ, ਗ੍ਰੀਨ ਪਾਰਟੀ ਆਗੂ ਐਲਿਜ਼ਾਬੈੱਥ ਮੇਅ ਤੇ ਪੀਪਲਜ਼ ਪਾਰਟੀ ਦੇ ਆਗੂ ਮੈਕਸਿਮ ਬਰਨੀਅਰ ਦੇ ਸਮਰਥਨ ਵਿੱਚ ਹਲਕਾ ਵਾਧਾ ਦਰਜ ਕੀਤਾ ਗਿਆ ਹੈ।

...ਬਾਕੀ ਪੰਨਾ 6 'ਤੇ

# ਟੋਰਾਂਟੋ ਦੇ ਮੇਅਰ ਨੇ ਚੀਨ ਦਾ ਝੰਡਾ ਚੁੱਕਣ ਦੀ ਰਸਮ ਦਾ ਕੀਤਾ ਬਾਈਕਾਟ

ਟੋਰਾਂਟੋ, 30 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਸੋਮਵਾਰ ਨੂੰ ਸਿਟੀ ਹਾਲ ਦੇ ਸਾਹਮਣੇ ਚੀਨ ਦਾ ਝੰਡਾ ਚੁੱਕਣ ਦੀ ਰਸਮ ਦਾ ਬਾਈਕਾਟ ਕੀਤਾ। ਇਸ ਸਮੇਂ ਕੈਨੇਡਾ ਤੇ ਚੀਨ ਦਰਮਿਆਨ ਚੱਲ ਰਹੇ ਤਣਾਅਪੂਰਨ ਸਬੰਧਾਂ ਕਾਰਨ ਅਜਿਹਾ ਕੀਤਾ ਗਿਆ।



ਜ਼ਿਕਰਯੋਗ ਹੈ ਕਿ ਕੈਨੇਡੀਅਨ ਸਰਕਾਰ ਵੱਲੋਂ ਜਿਨ੍ਹਾਂ ਸਰਕਾਰਾਂ ਨੂੰ ਮਾਨਤਾ ਪ੍ਰਾਪਤ ਹੈ ਉਨ੍ਹਾਂ ਨੂੰ ਆਪਣੇ ਕੌਮੀ ਦਿਵਸ ਉੱਤੇ ਸਿਟੀ ਵੱਲੋਂ ਸਿਟੀ ਹਾਲ ਦੇ ਸਾਹਮਣੇ ਝੰਡਾ ਚੁੱਕਣ ਦੀ ਰਸਮ ਨਿਭਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਸੋਮਵਾਰ ਨੂੰ ਚੀਨ ਦੀ ਕੌਮੀ ਛੁੱਟੀ ਮੌਕੇ ਮੁਜ਼ਾਹਰਾਕਾਰੀਆਂ ਦਾ ਇੱਕ ਗਰੁੱਪ ਨਥਾਨ ਫਿਲਿਪ ਸਕੁਏਅਰ ਉੱਤੇ ਇੱਕਠਾ ਹੋਇਆ। ਇਨ੍ਹਾਂ ਵਿੱਚੋਂ ਕਈਆਂ ਦੇ ਹੱਥ ਵਿੱਚ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਦੀਆਂ ਤਸਵੀਰਾਂ ਵੀ ਫੜ੍ਹੀਆਂ ਹੋਈਆਂ ਸਨ। ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਚੀਨ ਵਿੱਚ ਨਜ਼ਰਬੰਦ ਕਰਕੇ ਰੱਖਿਆ ਗਿਆ ਹੈ। ...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
Home Auto Business Trucking Life Insurance Commercial
647-206-2452 Sukhwinder K Singh
7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਫਿਰਦਰੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
Avon Financial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton


• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


VOTE
Baljit Bawa
FOR BRAMPTON CENTRE
PPC
PEOPLE'S PARTY OF CANADA
Key Focus
Affordability for Canadian's
Lower income taxes and No corporate welfare
Economic Immigration with a focus on integration
Fight climate change
Focusing on security and prosperity of Canadians by investing in safer communities
416-728-4142
info@electbawa.ca
25 Kings Cross Rd


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਸੱਜਣ ਸਿੰਘ ਨੇ ਕਿਹਾ ਬਈ ਕਰਮ ਸਿੰਘਾ,
ਮੋਦੀ ਮੁੜਿਆ ਹੈ ਗੇੜਾ ਜਿਹਾ ਮਾਰ ਭਾਈ।
ਬੰਨ੍ਹਿਆ ਰੰਗ ਤੇ ਜੋੜੀ ਗਈ ਭੀੜ ਭਰਵੀਂ,
ਸੁਣਿਆ ਹੋ ਗਈ ਉਹ ਸੱਠ ਹਜ਼ਾਰ ਭਾਈ।
ਵਡਿਆਇਆ ਮੋਦੀ ਨੂੰ ਓਥੇ ਟਰੰਪ ਕਾਫੀ,
ਮੋਦੀ ਲੰਘ ਗਿਆ ਇਹਦੇ ਤੋਂ ਪਾਰ ਭਾਈ।
ਸੁਣਿਆ ਬੜਾ ਕਿ ਹੋਈ ਇਸ ਸਾਂਝ ਪਿੱਛੋਂ,
ਬਿਜ਼ਨਿਸ ਆਊ ਤਾਂ ਵਧੂ ਰੁਜ਼ਗਾਰ ਭਾਈ।
ਵਧਿਆ ਬਿਜ਼ਨਿਸ ਨਾ ਵਧੇ ਰੁਜ਼ਗਾਰ ਏਥੇ,
ਰੌਲਾ-ਗੌਲਾ ਹੀ ਸੁਣਨ ਨੂੰ ਰਹਿ ਗਿਆ ਈ।
ਸੁਣਿਆ ਜਿੰਨਾ ਵਿਕਾਸ ਸੀ ਆਉਣ ਵਾਲਾ,
ਵਾਟ ਵਿੱਚ ਉਹ ਲੀਹ ਤੋਂ ਲਹਿ ਗਿਆ ਈ।

ਤੀਸ ਮਾਰ ਖਾਂ

# ਮੈਕਸਿਮ ਬਰਨੀਅਰ ਦੇ ਈਵੈਂਟ ਮੌਕੇ ਮੁਜ਼ਾਹਰਾਕਾਰੀ ਆਪਸ ਵਿੱਚ ਉਲਝੇ, ਚਾਰ ਗ੍ਰਿਫਤਾਰ

ਹੈਮਿਲਟਨ, 30 ਸਤੰਬਰ (ਪੋਸਟ ਬਿਊਰੋ) : ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਆਗੂ ਮੈਕਸਿਮ ਬਰਨੀਅਰ ਦੇ ਹੈਮਿਲਟਨ ਕਾਲਜ ਵਿੱਚ ਰੱਖੇ ਪ੍ਰੋਗਰਾਮ ਦੌਰਾਨ ਮੁਜ਼ਾਹਰਾਕਾਰੀਆਂ ਵੱਲੋਂ ਈਵੈਂਟ ਵਾਲੀ ਥਾਂ ਦੇ ਬਾਹਰ ਕੀਤੀ ਗਈ ਝੜਪ ਤੋਂ ਬਾਅਦ ਕਈਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।



ਅਜੇ ਬਰਨੀਅਰ ਦਾ ਈਵੈਂਟ ਸ਼ੁਰੂ ਵੀ ਨਹੀਂ ਸੀ ਹੋਇਆ ਕਿ ਹੈਮਿਲਟਨ ਮੋਹਾਕ ਕਾਲਜ ਦੇ ਹਾਲ ਦੀ ਐਂਟਰੈਂਸ ਨੇੜੇ ਝਗੜਾ ਸ਼ੁਰੂ ਹੋ ਗਿਆ। ਪੁਲਿਸ ਨੇ ਦੱਸਿਆ ਕਿ ਇਸ ਦੌਰਾਨ ਸ਼ਾਂਤੀ ਭੰਗ ਕਰਨ ਦੇ ਸਬੰਧ ਵਿੱਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਬਾਅਦ ਵਿੱਚ ਉਨ੍ਹਾਂ ਨੂੰ ਰਿਹਾਅ ਵੀ ਕਰ ਦਿੱਤਾ ਗਿਆ। ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਮੁਜ਼ਾਹਰਾਕਾਰੀਆਂ ਵਿੱਚੋਂ ਕਈਆਂ ਨੇ ਆਪਣੇ ਮੂੰਹ ਢਕੇ ਹੋਏ ਸਨ ਤੇ ਉਨ੍ਹਾਂ ਦੇ ਹੱਥਾਂ ਵਿੱਚ ਬੋਰਡ ਸਨ ਜਿਨ੍ਹਾਂ ਉੱਤੇ ਲਿਖਿਆ ਸੀ ਕਿ ਵਾਈਟ ਸੁਪਰੇਮੇਸੀ ਅੱਤਵਾਦ ਹੈ ਤੇ ਇੱਥੇ ਰਫਿਊਜੀਆਂ ਦਾ ਸਵਾਗਤ ਹੈ।

ਕੁੱਝ ਨੇ ਤਾਂ ਲੋਕਾਂ ਨੂੰ ਇਮਾਰਤ ਵਿੱਚ ਜਾਣ ਤੋਂ ਵੀ ਰੋਕਿਆ। ਪੀਪਲਜ਼ ਪਾਰਟੀ ਦੇ ਸਮਰਥਕਾਂ ਦੇ ਇੱਕ ਗਰੁੱਪ ਵਿੱਚ ਇੱਕ ਨੇ ਮੇਕ ਅਮੈਰਿਕਾ ਗ੍ਰੇਟ ਅਗੇਨ ਹੈਟ ਪਾਈ ਹੋਈ ਸੀ। ਈਵੈਂਟ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਰਨੀਅਰ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਤੇ ਉਨ੍ਹਾਂ ਦੀਆਂ ਨੀਤੀਆਂ ਨੂੰ ਗਲਤ ਸਮਝਿਆ ਗਿਆ।

# ਹਾਫਿਜ਼ ਸਈਦ ਉੱਤੇ ਅੱਤਵਾਦੀ ਫੰਡਿਗ ਦਾ ਕੇਸ ਲਾਹੌਰ ਦੀ ਕੋਰਟ ਵਿੱਚ ਚੱਲੇਗਾ

ਲਾਹੌਰ, 30 ਸਤੰਬਰ, (ਪੋਸਟ ਬਿਊਰੋ)- ਮੁੰਬਈ ਦੇ ਦਹਿਸ਼ਤਗਰਦ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫਿਜ਼ ਸਈਦ ਦੇ ਖ਼ਿਲਾਫ਼ ਚੱਲਦੇ ਅੱਤਵਾਦੀ ਫੰਡਿੰਗ ਦੇ ਕੇਸ ਨੂੰ ਪਾਕਿਸਤਾਨੀ ਪੰਜਾਬ ਦੇ ਗੁਜਰਾਂਵਾਲਾ ਤੋਂ ਲਾਹੌਰ ਦੀ ਅੱਤਵਾਦ ਵਿਰੋਧੀ ਅਦਾਲਤਨੂੰ ਭੇਜ ਦਿੱਤਾ ਗਿਆ ਹੈ। ਲਾਹੌਰ ਹਾਈ ਕੋਰਟ ਨੇ ਅੱਜ ਸੋਮਵਾਰ ਇਹਆਰ-ਗਆ ਦਿੱਤੀ ਹੈ।

ਵਰਨਣ ਯੋਗ ਹੈ ਕਿ ਹਾਫਿਜ਼ ਸਈਦ ਨੇ ਆਪਣਾ ਕੇਸ ਗੁਜਰਾਂਵਾਲਾ ਤੋਂ ਲਾਹੌਰ ਬਦਲਣ ਦੀ ਅਰਜ਼ੀ ਦਿੱਤੀ ਹੋਈ ਸੀ। ਉਸ ਦੀ ਦਲੀਲ ਸੀ ਕਿ ਉਸ ਨੂੰ ਲਾਹੌਰ ਦੀ ਜੇਲ੍ਹ ਵਿੱਚ ਰੱਖਿਆ ਗਿਆ ਹੈ ਤੇ ਹਰ ਸੁਣਵਾਈ ਉੱਤੇ ਗੁਜਰਾਂਵਾਲਾ ਦੀ ਅਦਾਲਤ ਵਿੱਚਜਾਣਾ ਪੈਂਦਾ ਹੈ। ਅਖਬਾਰ ਡਾਨ ਦੇ ਮੁਤਾਬਕ ਹਾਈ ਕੋਰਟ ਦੇ ਚੀਫ ਜਸਟਿਸ ਸਰਦਾਰ ਸ਼ਮੀਮ ਅਹਿਮਦ ਨੇ ਜਦੋਂ ਸੁਣਵਾਈ ਕੀਤੀ ਤਾਂ ਸਈਦ ਦੇ ਵਕੀਲ ਨੇ ਦਲੀਲ ਦਿੱਤੀ ਕਿ ਸੁਰੱਖਿਆ ਪੱਖੋਂ ਏਦਾਂਸਈਦ ਨੂੰ ਲਾਹੌਰ ਤੋਂ ਲਿਜਾ ਕੇ ਗੁਜਰਾਂਵਾਲਾ ਪੇਸ਼ ਕਰਨਾ ਠੀਕ ਨਹੀਂ। ਜੇ ਉਸ ਨੂੰ ਲਾਹੌਰ ਦੀ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ ਤਾਂ ਕੇਸ ਇਸੇ ਸ਼ਹਿਰ ਵਿੱਚਬਦਲ ਦਿੱਤਾ ਜਾਵੇ। ਸਰਕਾਰੀ ਵਕੀਲ ਨੇ ਕਿਹਾ ਕਿ ਉਨ੍ਹਾਂ ਨੂੰ ਇਤਰਾਜ਼ ਨਹੀਂ ਹੈ।

ਪਾਕਿਸਤਾਨੀ ਪੰਜਾਬ ਦੀ ਪੁਲਿਸ ਨੇ ਬੀਤੀ ਤਿੰਨ ਜੁਲਾਈ ਨੂੰ ਇਸ ਰਾਜਵਿਚਲੇ ਕਈ ਸ਼ਹਿਰਾਂਦੇ ਅੰਦਰ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਤੇ ਉਸ ਦੇ 12 ਸਾਥੀਆਂ ਦੇ ਖ਼ਿਲਾਫ਼ ਅੱਤਵਾਦੀ ਫੰਡਿੰਗ ਦੇ 23 ਕੇਸ ਦਰਜ ਕੀਤੇ ਸਨ।ਅੱਤਵਾਦੀ ਟੋਲੇ ਲਸ਼ਕਰ-ਏ-ਤਾਇਬਾ ਦੇ ਮੋਢੀਅਤੇ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਨੂੰ 17 ਜੁਲਾਈ ਨੂੰ ਓਦੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਅਗਾਊਂ ਜ਼ਮਾਨਤ ਲੈਣ ਲਾਹੌਰ ਤੋਂ ਗੁਜਰਾਂਵਾਲਾ ਜਾ ਰਿਹਾ ਸੀ। ਉਸ ਨੂੰ ਲਾਹੌਰ ਦੀ ਹਾਈ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ ਵਿੱਚ ਰੱਖਿਆ ਦੱਸਿਆ ਜਾਂਦਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੈਪਟਨ ਨੇ ਰਾਜੋਆਣਾ ਦਾ ਨਾਂ ਕੇਂਦਰ ਨੂੰ ਭੇਜਣ ਦੀ ਗੱਲ ਮੰਨੀ

* ਨਾਰਾਜ਼ ਹੋਏ ਐੱਮ ਪੀ ਰਵਨੀਤ ਬਿੱਟੂ ਪ੍ਰਧਾਨ ਮੰਤਰੀ ਨੂੰ ਮਿਲਣਗੇ



ਚੰਡੀਗੜ੍ਹ, 30 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਕਰਨ ਵਾਲਿਆਂ ਵਿੱਚੋਂ ਇੱਕ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੇ ਫ਼ੈਸਲੇ ਉੱਤੇਪੰਜਾਬ ਦੀ ਕਾਂਗਰਸ ਪਾਰਟੀ ਦੇ ਅੰਦਰ ਵੀ ਉਬਾਲ ਆ ਰਿਹਾ ਜਾਪਦਾ ਹੈ।

ਅੱਜ ਸੋਮਵਾਰ ਨੂੰ ਲੁਧਿਆਣਾ ਪੁੱਜੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਨਿਆਕਿ ਕੇਂਦਰ ਨੇ ਜਦੋਂ ਸੂਚੀ ਮੰਗੀ ਸੀ ਤਾਂ ਉਨ੍ਹਾਂ ਨੇ ਜਿਹੜੇ 17 ਟਾਡਾ ਕੈਦੀਆਂ ਦੇ ਨਾਂਅ ਭੇਜੇ ਸਨ, ਉਨ੍ਹਾਂ ਵਿਚ ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ ਅਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੇ ਨਾਂ ਸ਼ਾਮਲ ਸਨ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਤੇ ਲੁਧਿਆਣਾ ਹਲਕੇ ਤੋਂ ਕਾਂਗਰਸ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਹ ਇਸ ਸੰਬੰਧ ਵਿੱਚ ਕੇਂਦਰ ਸਰਕਾਰ ਦੇ ਫ਼ੈਸਲੇ ਦੇ ਵਿਰੋਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਗੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਸਾਡੀ ਸਰਕਾਰ ਨੇ ਸਿਰਫ਼ ਟਾਡਾ ਦੇ ਅਧੀਨ ਜੇਲ੍ਹਾਂ ਵਿੱਚਲੰਬੇ ਸਮੇਂ ਤੋਂ ਬੰਦ ਕੈਦੀਆਂ ਦੀ ਸੂਚੀ ਕੇਂਦਰ ਨੂੰ ਭੇਜੀ ਸੀ। ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਵਾਲੇ ਫ਼ੈਸਲੇ ਵਿੱਚਰਾਜ ਸਰਕਾਰ ਦੀ ਕੋਈ ਭੂਮਿਕਾ ਨਹੀਂ, ਇਹ ਫ਼ੈਸਲਾ ਕੇਂਦਰ ਸਰਕਾਰ ਨੇ ਆਪਣੇ ਤੌਰ ਉੱਤੇ ਲਿਆ ਹੈ। ਰਾਜ ਸਰਕਾਰ ਨੂੰ ਤਾਂ ਹਾਲੇ ਉਨ੍ਹਾਂ ਕੈਦੀਆਂ ਦੀ ਸੂਚੀ ਵੀ ਨਹੀਂ ਮਿਲੀ, ਜਿਨ੍ਹਾਂ ਨੂੰ ਛੋਟ ਦਿੱਤੀ ਗਈ ਹੈ। ਮੈਂ ਨਿੱਜੀ ਤੌਰ ਉੱਤੇ ਫਾਂਸੀ ਦੀ ਸਜ਼ਾ ਦੇ ਖ਼ਿਲਾਫ਼ ਹਾਂ ਅਤੇ ਸਾਲ 2012 ਦੇ ਆਪਣੇ ਸਟੈਂਡ ਉੱਤੇ ਕਾਇਮ ਹਾਂ।'

ਦੂਸਰੇ ਪਾਸੇ ਕਾਂਗਰਸਐੱਮ ਪੀ ਰਵਨੀਤ ਸਿੰਘ ਬਿੱਟੂ ਨੇ ਕਿਹਾ, 'ਬਲਵੰਤ ਸਿੰਘ ਰਾਜੋਆਣਾ ਨੇ ਮੰਨਿਆ ਹੋਇਆ ਹੈ ਕਿ ਉਸ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕੀਤੀ ਸੀ ਅਤੇ ਇਹ ਵੀ ਕਿ ਉਹ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਦਾ, ਇਸ ਲਈ ਉਸ ਦੀ ਸਜ਼ਾ ਘੱਟ ਕਰਨਾ ਠੀਕ ਨਹੀਂ। ਮੈਂ ਇਹ ਮੁੱਦਾ ਪਾਰਲੀਮੈਂਟ ਵਿੱਚ ਉਠਾਵਾਂਗਾ। ਪੰਜਾਬ ਦੀ ਭਾਜਪਾ ਦੇ ਅਹੁਦੇਦਾਰਾਂ ਨੂੰ ਮੇਰੀ ਅਪੀਲ ਹੈ ਕਿ ਉਹ ਮੇਰੇ ਨਾਲ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਲਈ ਚੱਲਣ।'

ਇਸ ਦੌਰਾਨ ਪਤਾ ਲੱਗਾ ਹੈ ਕਿ ਸਾਲ 2015 ਵਿੱਚਓਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਟਾਡਾ ਦੀ ਸਜ਼ਾ ਪੂਰੀ ਕਰ ਚੁੱਕੇ ਵੱਖ-ਵੱਖ ਰਾਜਾਂ ਦੀਆਂ ਜੇਲ੍ਹਾਂ ਵਿਚਲੇ ਕੈਦੀਆਂ ਨੂੰ ਛੱਡਣ ਲਈ ਚਿੱਠੀ ਲਿਖੀ ਸੀ ਤੇ ਉਨ੍ਹਾਂ ਜਿਹੜੀ ਸੂਚੀ ਭੇਜੀ ਸੀ, ਉਸ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਅਪੀਲ ਵੀ ਕੀਤੀ ਹੋਈ ਸੀ। ਸਾਬਕਾ ਮੁੱਖ ਮੰਤਰੀ ਬਾਦਲ ਨੇ ਕੇਂਦਰ ਸਰਕਾਰ ਦੇ ਤਾਜ਼ਾ ਫ਼ੈਸਲੇ ਨੂੰ 'ਸਟੇਟਸਮੈਨ' ਵਾਲਾ ਅਤੇ ਦੂਰ-ਅੰਦੇਸ਼ੀ ਫ਼ੈਸਲਾ ਦੱਸ ਕੇ ਕਿਹਾ ਕਿ ਕਾਂਗਰਸ ਰਾਜ ਵਿੱਚ ਸਿੱਖਾਂ ਉੱਤੇ ਬਹੁਤ ਜ਼ੁਲਮ ਹੋਏ ਹਨ, ਇਹ ਫ਼ੈਸਲਾ ਉਨ੍ਹਾਂ ਦੇ ਜ਼ਖ਼ਮਾਂ ਉੱਤੇ ਮਰਹਮ ਰੱਖਣ ਵਾਂਗਹੈ, ਜਿਸ ਦਾ ਪੰਜਾਬ ਨੂੰ ਲਾਭ ਹੋਵੇਗਾ। ਇਹ ਵੀ ਪਤਾ ਲੱਗਾ ਹੈ ਕਿ ਜਦੋਂ ਪੰਜਾਬ ਸਰਕਾਰ ਨੇ ਸਾਲ 2012 ਵਿੱਚ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਸੀ, ਓਦੋਂ ਰਾਜੋਆਣਾ ਨੂੰ ਫਾਂਸੀ ਦੇਣ ਦੀ ਤਾਰੀਕ ਮਿਥੀ ਜਾ ਚੁੱਕੀ ਸੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਬੈਕਅਪ ਕੈਮਰਾ ਡਿਸਪਲੇਅ ਦੀ ਖਰਾਬੀ ਕਾਰਨ ਨਿਸਾਂ ਨੇ 13 ਲੱਖ ਗੱਡੀਆਂ ਵਾਪਸ ਮੰਗਵਾਈਆਂ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਜਾਪਾਨੀ ਵਾਹਨ ਨਿਰਮਾਤਾ ਕੰਪਨੀ ਨਿਸਾਂ ਦੁਨੀਆ ਭਰ ਵਿੱਚੋਂ ਇੱਕ ਤੋਂ ਵਧ ਕੇ ਇੱਕ ਵਾਹਨਾਂ ਨੂੰ ਪੇਸ਼ ਕਰਨ ਲਈ ਮਸ਼ਹੂਰ ਹੈ। ਇਸ ਕੰਪਨੀ ਨੇ 13 ਲੱਖ ਗੱਡੀਆਂ ਨੂੰ ਤਕਨੀਕੀ ਖਰਾਬੀ ਦੇ ਕਾਰਨ ਵਾਪਸ ਲੈਣ ਦਾ ਐਲਾਨ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਬੈਕਅਪ ਕੈਮਰਾ ਡਿਸਪਲੇਅ ਦੀ ਕੁਝ ਤਕਨੀਕੀ ਖਰਾਬੀ ਕਾਰਨ ਇਹ ਵਾਹਨ ਵਾਪਸ ਮੰਗਵਾਏ ਗਏ ਹਨ, ਜਿਸ ਨੂੰ ਠੀਕ ਕਰਨ ਦੇ ਬਾਅਦ ਕੰਪਨੀ ਵਾਹਨਾਂ ਨੂੰ ਵਾਪਸ ਕਰ ਦੇਵੇਗੀ। ਕੰਪਨੀ ਨੇ ਕਿਹਾ ਕਿ ਇਸ ਖਰਾਬੀ ਦੇ ਕਾਰਨ ਕੋਈ ਦੁਰਘਟਨਾ ਵੀ ਹੋ ਸਕਦੀ ਹੈ। ਦੱਸਣਾ ਬਣਦਾ ਹੈ ਕਿ ਇਸ ਰਿਕਾਲ ਵਿੱਚ 2018 ਅਤੇ 2019 ਵਿੱਚ ਤਿਆਰ ਮਾਡਲ ਸ਼ਾਮਲ ਹਨ, ਜਿਨ੍ਹਾਂ ਨੂੰ ਅਮਰੀਕਾ, ਕੈਨੇਡਾ ਤੇ ਕੁਝ ਹੋਰ ਦੇਸ਼ਾਂ ਵਿੱਚ ਵੇਚਿਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਵਾਹਨਾਂ ਦੇ ਬੈਕਅਪ ਕੈਮਰਾ ਡਿਸਪਲੇਅ ਵਿੱਚ ਵਿਜ਼ੂਅਲ ਕਲੀਅਰ ਨਹੀਂ ਆ ਰਹੇ ਹਨ। ਇਸੇ ਖਰਾਬੀ ਨੂੰ ਠੀਕ ਕਰਨ ਲਈ ਕੰਪਨੀ ਨੇ ਇਸ ਰਿਕਾਲ ਦਾ ਐਲਾਨ ਕੀਤਾ ਹੈ।

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabipost.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

## ਟਰੂਡੋ ਨੇ ਪਲੇਟਫਾਰਮ ਕੀਤਾ ਜਾਰੀ

...ਪੰਨਾ 1 ਦਾ ਬਾਕੀ

ਸ਼ੀਅਰ ਵੀ ਇਸ ਸਮੇਂ ਟੋਰਾਂਟੋ ਵਿੱਚ ਹੀ ਹਨ ਤੇ ਉਨ੍ਹਾਂ ਨੂੰ ਵੀ ਕਈ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਿਬਰਲਾਂ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਆਗੂ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਇੰਸ਼ੋਰੈਂਸ ਬ੍ਰੋਕਰ ਹੋਣ ਦਾ ਦਾਅਵਾ ਕਰਦੇ ਰਹੇ ਹਨ ਪਰ ਲਿਬਰਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਇਸ ਸਬੰਧ ਵਿੱਚ ਕਦੇ ਆਪਣੀ ਲਾਇਸੰਸਿੰਗ ਪ੍ਰਕਿਰਿਆ ਪੂਰੀ ਨਹੀਂ ਕੀਤੀ। ਐਨਡੀਪੀ ਆਗੂ ਜਗਮੀਤ ਸਿੰਘ ਹਾਲ ਦੀ ਘੜੀ ਵੈਨਕੂਵਰ ਇਲਾਕੇ ਉੱਤੇ ਹੀ ਆਪਣਾ ਧਿਆਨ ਕੇਂਦਰਿਤ ਕਰ ਰਹੇ ਹਨ ਤੇ ਨਾਲ ਹੀ ਲਿਬਰਲਾਂ ਉੱਤੇ ਵੀ ਆਪਣੇ ਵਾਰ ਜਾਰੀ ਰੱਖਣਗੇ। ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਵੀ ਵੈਨਕੂਵਰ ਵਿੱਚ ਹੀ ਆਪਣੇ ਦਿਨ ਦੀ ਸ਼ੁਰੂਆਤ ਕਰ ਰਹੀ ਹੈ ਜਦਕਿ ਪੀਪਲਜ਼ ਪਾਰਟੀ ਆਗੂ ਮੈਕਸਿਮ ਬਰਨੀਅਰ ਵਿੰਡਸਰ, ਓਨਟਾਰੀਓ ਦਾ ਦੌਰਾ ਕਰਨਗੇ।

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202


UK TRUCK TRAINING CENTRE
ukttc
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ShierGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ ਹੁਣ ਅੰਗਰੇਜ਼ੀ ’ਚ ਵੀ ਉਪਲੱਬਧ




ਲੰਡਨ, 30 ਸਤੰਬਰ (ਮਨਦੀਪ ਖੁਰਮੀ ਹਿੰਮਤਪੁਰਾ): ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਬਾਰੇ ਕਿਸੇ ਪੰਜਾਬੀ ਮਾਂ ਬੋਲੀ ਦੇ ਪੁੱਤਰ ਨੂੰ ਦੱਸਣ ਦੀ ਲੋੜ ਨਹੀਂ। ਪੰਜਾਬੀ ਮਾਂ ਬੋਲੀ ਨਾਲ਼ ਮਾੜੀ-ਮੋਟੀ ਮੱਸ ਰੱਖਣ ਵਾਲ਼ਾ ਹਰ ਪੰਜਾਬੀ ਉਸ ਦੇ ਨਾਂ ਤੋਂ ਵਾਕਿਫ਼ ਹੋਵੇਗਾ। ਜਿਸ ਨੇ ਜੱਗੀ ਕੁੱਸਾ ਦੇ ਨਾਵਲ, ਪੁਰਜਾ ਪੁਰਜਾ ਕਟਿ ਮਰੈ, ਬਾਰ੍ਹੀਂ ਕੋਹੀਂ ਬਲ਼ਦਾ ਦੀਵਾ ਅਤੇ ਤਵੀ ਤੋਂ ਤਲਵਾਰ ਤੱਕ ਪੜ੍ਹੇ ਨੇ, ਉਹ ਭਲੀ-ਭਾਂਤ ਜਾਣਦੇ ਨੇ ਕਿ ਜੱਗੀ ਕੁੱਸਾ ਨੇ ਕਿੰਨੀ ਬੇਬਾਕੀ ਨਾਲ਼ ਲਿਖਿਆ ਹੈ। “ਸੱਜਰੀ ਪੈੜ ਦਾ ਰੇਤਾ“ ਨਾਵਲ ਵਿੱਚ ਇੱਕ ਇੰਗਲੈਂਡ ਵਿੱਚ ਵਸਦੀ ਕੱਚੀ ਉਮਰ ਦੀ ਪੰਜਾਬਣ ਕੁੜੀ ਕਿਵੇਂ ਇੱਕ ਮੁਸਲਮਾਨ ਮੁੰਡੇ ਦੇ ਪ੍ਰੇਮ-ਜਾਲ਼ ਵਿੱਚ ਫ਼ਸ ਕੇ ਉਸ ਨਾਲ਼ ਵਿਆਹ ਕਰਵਾਉਣ ਲਈ ਪਾਕਿਸਤਾਨ ਚਲੀ ਜਾਂਦੀ ਹੈ, ਅਤੇ ਜਬਰੀ ਕਿਵੇਂ ਉਸ ਬੱਚੀ ਨੂੰ ਵੇਸਵਾਗਿਰੀ ਲਈ ਇੱਕ ‘ਕੋਠੇ‘ ਉਪਰ ਬਿਠਾ ਦਿੱਤਾ ਜਾਂਦਾ ਹੈ, ਫ਼ਿਰ ਉਸ ਨੂੰ ਲੜਕੀ ਨੂੰ ਇੱਕ ਭਲਾ ਮੁਸਲਮਾਨ ਵਿਅਕਤੀ ਹੀ ਉਸ ਨਰਕ ’ਚੋਂ ਕਿਵੇਂ ਕੱਢ ਕੇ ਲਿਆਉਂਦਾ ਹੈ? ਸਮੁੱਚੇ ਘਟਨਾਕ੍ਰਮ ਨੂੰ ਬਿਆਨਦੇ ਪੰਜਾਬੀ ਨਾਵਲ “ਸੱਜਰੀ ਪੈੜ ਦਾ ਰੇਤਾ’ ਦਾ ਅੰਗਰੇਜ਼ੀ ਅਨੁਵਾਦ ‘ਦ ਲੌਸਟ ਫੁਟਪਰਿੰਟਸ’ ਵੀ ਤਿਆਰ ਹੋ ਚੁੱਕਾ ਹੈ। ਹੁਣ ਇੱਕ ਅੰਗਰੇਜ਼ੀ ਪਬਲਿਸ਼ਿੰਗ ਕੰਪਨੀ ਨੇ ਜੱਗੀ ਕੁੱਸਾ ਦੇ ਨਾਵਲਾਂ ਦੇ ਵਿਸ਼ਿਆਂ ਬਾਰੇ ਸੁਣ ਕੇ ਉਸ ਦੇ ਨਾਵਲਾਂ ਦੇ ਅੰਗਰੇਜ਼ੀ ਅਨੁਵਾਦ ਛਾਪਣੇ ਸ਼ੁਰੂ ਕੀਤੇ ਹਨ। ਜੱਗੀ ਕੁੱਸਾ ਦਾ ਕਹਿਣਾ ਹੈ ਕਿ ਜੇ ਤੁਸੀਂ ਵੀ ਆਪਣੇ ਬੱਚਿਆਂ ਨੂੰ 1984 ਦੇ ਤਮਾਮ ਮਸਲਿਆਂ ਬਾਰੇ ਜਾਣੂੰ ਕਰਵਾਉਣਾ ਚਾਹੁੰਦੇ ਹੋ, ਤਾਂ ਉਕਤ ਨਾਵਲ ਆਪਣੇ ਇੱਥੋਂ ਦੇ ਜੰਮਪਲ ਬੱਚਿਆਂ ਨੂੰ ‘ਦ ਸਟਰਗਲ ਫਾਰ ਆਨਰ’ ਅਤੇ ‘ਆਊਟਸਾਈਡ, ਸਮਵੇਅਰ ਏ ਲੈਂਪ ਬਰਨ’ ਜ਼ਰੂਰ ਪੜ੍ਹਾਓ! ਇਹ ਨਾਵਲ ਹਰ ਦੇਸ਼ ਦੇ ‘ਐਮਾਜ਼ੋਨ’ ਤੇ ਵੀ ਉਪਲਬਧ ਹਨ।

# ਡਾ.ਭੰਡਾਲ ਦੀ ਕਾਵਿ ਪੁਸਤਕ ‘ਰੂਹ ਰੇਜ਼ਾ’ ਰੀਲੀਜ਼



ਜਲੰਧਰ, 30 ਸਤੰਬਰ (ਪੋਸਟ ਬਿਊਰੋ): ਸਾਹਿਤ ਕਲਾ ਕੇਂਦਰ, ਜਲੰਧਰ ਵੱਲੋਂ ਐਤਵਾਰ ਨੂੰ ਇਕ ਸਾਹਿਤਕ ਸਮਾਗਮ ਵਿਚ ਡਾ ਗੁਰਬਖ਼ਸ਼ ਸਿੰਘ ਭੰਡਾਲ ਦੀ ਨਵੀਂ ਕਾਵਿ-ਪੁਸਤਕ “ਰੂਹ ਰੇਜ਼ਾ’ ਰੀਲੀਜ਼ ਕੀਤੀ ਗਈ। ਇਹ ਜਾਣਕਾਰੀ ਡਾ. ਗੋਪਾਲ ਸਿੰਘ ਬੁੱਟਰ ਪ੍ਰਧਾਨ ਸਾਹਿਤ ਕਲਾ ਕੇਂਦਰ ਅਤੇ ਮੁੱਖੀ, ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਜਲੰਧਰ ਨੇ ਦਿਤੀ ਹੈ। ਡਾ ਬੁੱਟਰ ਨੇ ਦੱਸਿਆ ਕਿ ਇਸ ਮੌਕੇ ’ਤੇ ਉਘੇ ਪੱਤਰਕਾਰ ਜਤਿੰਦਰ ਪੰਨੂ ਨੇ ਡਾ ਭੰਡਾਲ ਨਾਲ ਨਿੱਜੀ ਸਬੰਧਾਂ ਦਾ ਜ਼ਿਕਰ ਕਰਦਿਆਂ, ਉਹਨਾਂ ਦੇ ਸਾਹਿਤਕ ਸੰਸਾਰ ਬਾਰੇ, ਲਿਖਤਾਂ ਦੇ ਮੁਹਾਂਦਰੇ, ਵਿਸ਼ਿਆਂ, ਨਿਵੇਕਲੇ ਰੂਪ ਅਤੇ ਵਿਲੱਖਣਤਾ ਬਾਰੇ ਨਿੱਠ ਕੇ ਵਿਚਾਰ ਪੇਸ਼ ਕੀਤੇ। ਉਹਨਾਂ ਦੱਸਿਆ ਕਿ ਡਾ ਭੰਡਾਲ ਦੀ ਵਾਰਤਕ ਵੀ ਕਵਿਤਾਮਈ ਹੈ ਜਿਸ ਵਿਚ ਉਹ ਅਣਛੋਹੇ ਵਿਸ਼ਿਆਂ ਵਿਚਾਰ ਤਰਕਸੰਗਤ ਤਰੀਕੇ ਨਾਲ ਪੇਸ਼ ਕਰਦੇ ਹਨ। ਉਹਨਾਂ ਦੀਆਂ ਕਵਿਤਾਵਾਂ ਬਹੁਤ ਹੀ ਕੋਮਲ ਅਤੇ ਮਨੁੱਖਵਾਦੀ ਹਨ ਜਿਹਨਾਂ ਵਿਚ ਸੁਖਮਭਾਵੀ ਸੰਦੇਸ਼ ਹੁੰਦਾ ਹੈ। ਪ੍ਰੋਫੈਸਰ ਨਵਰੂਪ ਨੇ ਵੀ ਡਾ ਭੰਡਾਲ ਦੇ ਕਾਵਿ-ਸੰਸਾਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਹਨਾਂ ਨੂੰ ਨਵੀਂ ਕਾਵਿ-ਕਿਰਤ ਲਈ ਵਧਾਈ ਦਿਤੀ।

ਇਸ ਸਮਾਗਮ ਵਿਚ ਸਰਵ ਸ੍ਰੀ, ਕੁਲਦੀਪ ਸਿੰਘ ਬੇਦੀ, ਪ੍ਰੋਫੈਸਰ ਸੁਰਜੀਤ ਜੱਜ, ਦੇਸ ਰਾਜ ਕਾਲੀ, ਸਤਨਾਮ ਚਾਨਾ, ਇੰਜ. ਸੀਤਲ ਸਿੰਘ ਸੰਘਾ ਸਮੇਤ ਬਹੁਤ ਸਾਰੇ ਅਦਬੀ ਸਖਸ਼ੀਅਤਾਂ ਹਾਜਰ ਸਨ। ਯਾਦ ਰਹੇ ਕਿ ਸ਼੍ਰੋਮਣੀ ਪ੍ਰਵਾਸੀ ਸਾਹਿਤਕਾਰ ਡਾ ਗੁਰਬਖ਼ਸ਼ ਭੰਡਾਲ ਅੱਜ ਕੱਲ ਅਮਰੀਖਾ ਦੀ ਕਲੀਵਲੈਂਡ ਸਟੇਟ ਯੂਨਵਿਰਸਿਟੀ ਵਿਚ ਫਿਜਿਕਸ ਪੜਾ ਰਹੇ ਹਨ ਜਿਹਨਾਂ ਦੀਆਂ ਹੁਣ ਤੀਖ 18 ਪੁਸਤਕਾਂ ਛੱਪ ਚੁੱਕੀਆਂ ਹਨ।

# ਭਾਰਤ ਬਹੁਭਾਂਤੀ ਭਾਸ਼ਾਈ ਅਤੇ ਸਭਿਆਚਾਰਾਂ ਦਾ ਦੇਸ਼ : ਤਿਵਾੜੀ




ਬਰੈਂਪਟਨ, 30 ਸਤੰਬਰ : ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਭਾਰਤ ਬਹੁ ਭਾਸ਼ਾਈ ਦੇਸ਼ ਹੈ । ਪੰਜਾਬੀ ਸਮੇਤ 22 ਭਾਰਤੀ ਭਾਸ਼ਾਵਾਂ ਨੂੰ ਸੰਵਿਧਾਨਕ ਮਾਣਤਾ ਦਿਤੀ ਗਈ ਹੈ। ਕਿਉਂਕਿ ਇਥੇ ਵੱਖ ਵੱਖ ਖਿਤਿਆਂ ਦਾ ਕਲਚਰ ਤੇ ਭਾਸ਼ਾ ਵੱਖ ਵੱਖ ਹਨ ।

ਤਿਵਾੜੀ ਇਥੇ ਈਟੋਬੀਕੋ ਵਿਚ ਪੈਂਦੇ ਈਲੀਟ ਬੈਂਕੁਟ ਹਾਲ ਵਿਚ ਇੰਡੀਆ ਓਵਰਸੀਜ ਕਾਂਗਰਸ ਵਲੋ ਕਰਵਾਏ ਗਏ ਸਮਾਗਮ ਵਿਚ ਸੰਬੋਧਨ ਕਰ ਰਹੇ ਸਨ। ਇਸ ਮੌਕੇ ਤਿਵਾੜੀ ਨੇ ਭਾਸ਼ਾ ਦੇ ਮੁੱਦੇ ਤੇ ਕਿਹਾ ਹੈ ਕਿ ਭਾਰਤ ਬਹੁ ਭਾਸ਼ਾਈ ਦੇਸ਼ ਹੈ । ਪੰਜਾਬੀ ਸਮੇਤ 22 ਭਾਰਤੀ ਭਾਸ਼ਾਵਾਂ ਨੂੰ ਸੰਵਿਧਾਨਕ ਮਾਣਤਾ ਦਿਤੀ ਗਈ ਹੈ। ਕਿਉਂਕਿ ਇਥੇ ਵੱਖ ਵੱਖ ਖਿਤਿਆਂ ਦਾ ਕਲਚਰ ਤੇ ਭਾਸ਼ਾ ਵੱਖ ਵੱਖ ਹਨ । ਉਨ੍ਹਾਂ ਪ੍ਰਵਾਸੀ ਪੰਜਾਬੀਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾ ਵਿਚ ਪੰਜਾਬੀ ਵੱਸੇ ਹੋਏ ਹਨ, ਜਿਥੇ ਉਨ੍ਹਾਂ ਨੇ ਵਪਾਰਕ ਖੇਤਰ ਵਿਚ ਤਰੱਕੀ ਕੀਤੀ ਹੈ, ਉਥੇ ਰਾਜਨੀਤੀ ਵਿਚ ਵੀ ਅਮਿਟ ਪੈੜਾਂ ਛੱਡ ਰਹੇ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਨਵੀਂ ਬਣ ਰਹੀ ਕਨੇਡਾ ਸਰਕਾਰ ਵਿਚ ਪੰਜਾਬੀਆਂ ਦੀ ਚੰਗੀ ਸਾਖ ਹੋਵੇਗੀ ।

ਪੰਜਾਬ ਲਾਰਜ ਇੰਡਸਟਰੀਅਲ ਡੀਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨੇ ਕਿਹਾ ਕਿ ਪ੍ਰਵਾਸੀ ਪੰਜਾਬੀ ਪੰਜਾਬ ਦੇ ਪਿੰਡਾਂ ਦੇ ਸਕੂਲਾਂ ਤੇ ਹੈਲਥ ਸੈਂਟਰਾਂ ਲਈ ਹੈਲਪ ਗਰੁੱਪ ਬਣਾਉਣ ਤਾਂ ਸਰਕਾਰ ਉਨ੍ਹਾਂ ਦੇ ਸਹਿਯੋਗ ਨਾਲ ਲੋਕਾਂ ਲਈ ਜ਼ਰੂਰੀ ਸੇਵਾਵਾਂ ਨੂੰ ਕਨੇਡਾ ਦੇ ਪੈਟਰਨ ਤੇ ਪ੍ਰਦਾਨ ਕਰ ਸਕੇ। ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਐਨ ਆਰ ਆਈਜ ਲਈ ਜ਼ਰੂਰੀ ਕਦਮ ਚੁਕੇ ਹਨ ਤਾਂ ਕਿ ਪ੍ਰਵਾਸੀਆਂ ਨੂੰ ਹਰ ਪੱਧਰ ਤੇ ਇਨਸਾਫ ਮੁਹੱਇਆ ਕਰਵਾਇਆ ਜਾ ਸਕੇ।

ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਵਲੋਂ ਤਿਵਾੜੀ ਨੂੰ ਸਨਮਾਣਤ ਵੀ ਕੀਤਾ ਗਿਆ । ਸਮਾਗਮ ਵਿਚ ਓਵਰਸੀਜ ਕਾਂਗਰਸ ਦੇ ਪ੍ਰਧਾਨ ਅਮਰਪ੍ਰੀਤ ਔਲਖ, ਓਨਟਾਰੀਓ ਦੇ ਦੀਪਕ ਅਨੰਦ ਐਮ ਪੀ ਪੀ, ਅਮਰਜੋਤ ਸੰਧੂ ਐੱਮ ਪੀ ਪੀ, ਗੁਰਦੀਪ ਝੱਜ, ਗੁਰਬਕਸ਼ ਭੱਟੀ, ਸਰਬਜੀਤ ਖੰਗੂੜਾ, ਰਣਜੋਧ ਸਿੱਧੂ, ਜਰਨੈਲ ਸਿੰਘ ਗਰੇਵਾਲ, ਰੂਪਾ ਬਰਾੜ, ਪ੍ਰਮਿੰਦਰ ਢਿਲੋਂ, ਇੰਦਰਜੀਤ ਮਾਂਗਟ, ਹਰਪਾਲ ਸੰਧੂ, ਜੋਗਾ ਕੰਗ, ਜਸਪਾਲ ਗੁਨੀਆ, ਗੋਲਡੀ ਕਾਹਲੋ, ਧਰਮਜੀਤ ਮੰਡ, ਜੋਗਾ ਕੰਗ, ਜੀਤਾ ਨੱਤ, ਰੱਬ ਗੁੜੀਆ, ਗੁਰਵਿੰਦਰ ਥਿੰਦ, ਕੁਲਵਿੰਦਰ ਬਰਾੜ, ਸਰਬਜੀਤ ਸੈਣੀ ਵੀ ਮੌਜੂਦ ਰਹੇ। ਅਖੀਰ ਵਿਚ ਅਮਨਪ੍ਰੀਤ ਔਲਖ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ।

# ਗਲਾਸਗੋ ’ਚ ਜੁੜੀ ਪੰਜਾਬੀ ਸੱਥ ’ਚ ਪਹੁੰਚੇ ਦੋਵੇਂ ਪੰਜਾਬਾਂ ਦੇ ਅਦੀਬ



## ਸਾਹਿਤ ਅਤੇ ਸਿਆਸਤ ਨਾਲ ਜੁੜੇ ਮੁੱਦਿਆਂ ’ਤੇ ਹੋਈ ਵਿਚਾਰ

ਲੰਡਨ/ਗਲਾਸਗੋ, 30 ਸਤੰਬਰ (ਮਨਦੀਪ ਖੁਰਮੀ ਹਿੰਮਤਪੁਰਾ): ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਉੱਦਮਾਂ ਸਦਕਾ ਪੰਜਾਬੀ ਸੱਥ ਦਾ ਆਯੋਜਨ ਪ੍ਰਧਾਨ ਦਿਲਾਵਰ ਸਿੰਘ, ਸਕੱਤਰ ਦਲਜੀਤ ਸਿੰਘ ਦਿਲਬਰ ਦੀ ਅਗਵਾਈ ਵਿੱਚ ਕੀਤਾ ਗਿਆ। ਵਰ੍ਹਿਆਂ ਤੋਂ ਜੁੜਦੀ ਆ ਰਹੀ ਇਸ ਸੱਥ ਵਿੱਚ ਵੱਖ ਵੱਖ ਤਬਕਿਆਂ, ਵੱਖ ਵੱਖ ਵਿਧਾਵਾਂ ਨਾਲ ਜੁੜੀਆਂ ਹਸਤੀਆਂ ਸ਼ਾਮਿਲ ਹੁੰਦੀਆਂ ਹਨ। ਬੀਤੇ ਦਿਨੀਂ ਆਯੋਜਿਤ ਹੋਈ ਸੱਥ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਸਮਾਗਮ ਦੇ ਪਹਿਲੇ ਦੌਰ ਵਿੱਚ ਜਿੱਥੇ ਕਸ਼ਮੀਰ ਦੇ ਅਜੋਕੇ ਹਾਲਾਤਾਂ ਉੱਪਰ ਚਰਚਾ ਕੀਤੀ ਗਈ, ਉੱਥੇ ਗੁਰਦਾਸ ਮਾਨ ਨਾਲ ਜੁੜੇ ਸਮੁੱਚੇ ਘਟਨਾਕ੍ਰਮ ਉੱਪਰ ਵੀ ਗੰਭੀਰ ਵਿਚਾਰ ਚਰਚਾ ਕੀਤੀ ਗਈ। ਬੁਲਾਰਿਆਂ ਨੇ ਹਿੰਦੀ ਦਾ ਗਲਬਾ ਸਥਾਪਿਤ ਕਰਨ ਦੇ ਬਿਆਨਾਂ ਨੂੰ ਆਮ ਲੋਕਾਈ ਦਾ ਕਸ਼ਮੀਰ ਮਸਲੇ ਵੱਲੋਂ ਧਿਆਨ ਭਟਕਾਉਣਾ ਕਰਾਰ ਦਿੰਦਿਆਂ ਕਿਹਾ ਕਿ ਸਿਆਸਤ ਵਿੱਚ ਕੁਝ ਵੀ ਅਚਨ-ਚੇਤ ਨਹੀਂ ਵਾਪਰਦਾ, ਸਗੋਂ ਹਰ ਘਟਨਾ, ਹਰ ਬਿਆਨ ਪਹਿਲਾਂ ਤੋਂ ਹੀ ਵਿਉਂਤਿਆ ਹੁੰਦਾ ਹੈ। ਬੇਸ਼ੱਕ ਗੁਰਦਾਸ ਮਾਨ ਦੇ ਬਿਆਨ ਦੀ ਮਨਸ਼ਾ ਹੋਰ ਹੋਵੇ, ਪਰ ਉਸ ਦੇ ਬਿਆਨ ਦੀ ਸਮਾਂ ਚੋਣ ਅਤੇ ਬਾਅਦ ਵਿੱਚ ਅਭੱਦਰ ਸ਼ਬਦਾਵਲੀ ਬੋਲਣਾ ਪੰਜਾਬੀ ਪ੍ਰੇਮੀਆਂ ਨੂੰ ਚੁਭਣਾ ਲਾਜ਼ਮੀ ਸੀ। ਇਸ ਦੌਰਾਨ ਮਰਹੂਮ ਕਵੀ ਓਮ ਪ੍ਰਕਾਸ਼ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਸੱਥ ਦੇ ਦੂਜੇ ਦੌਰ ਵਿੱਚ ਪਾਕਿਸਤਾਨੀ ਮੂਲ ਦੇ ਸਿਆਸਤਦਾਨ ਤੇ ਸ਼ਾਇਰ ਖਾਲਿਦ ਜਾਵਿਦ, ਮੁਹੰਮਦ ਅਜਹਰ, ਦਲਜੀਤ ਸਿੰਘ, ਜਗਦੀਸ਼ ਸਿੰਘ, ਤਰਲੋਚਨ ਸਿੰਘ, ਹਿੰਮਤ ਖੁਰਮੀ, ਹਰਜੀਤ ਦੁਸਾਂਝ, ਇਮਤਿਆਜ਼ ਅਲੀ ਗੌਹਰ, ਅਮਰ ਮੀਨੀਆਂ, ਕਿਰਨ ਪ੍ਰਕਾਸ਼, ਸੰਤੋਖ ਸਿੰਘ, ਸਲੀਮ ਰਜ਼ਾ, ਮਨਦੀਪ ਖੁਰਮੀ, ਦਿਲਬਾਗ ਸੰਧੂ ਆਦਿ ਨੇ ਆਪੋ ਆਪਣੀਆਂ ਰਚਨਾਵਾਂ ਰਾਂਹੀਂ ਹਾਜ਼ਰੀ ਲਗਵਾਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਡਾ: ਇੰਦਰਜੀਤ ਸਿੰਘ, ਸੁਖਦੇਵ ਰਾਹੀ, ਕੁਲਦੀਪ ਕੌਰ, ਕੀਰਤ ਖੁਰਮੀ, ਗੁਰਮੀਤ ਹਿੰਮਤਪੁਰਾ, ਅਜੀਤ ਸਿੰਘ ਨੈਣੇਵਾਲ ਆਦਿ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ।

# ਟੌਰੰਗਾ ਖੇਡ ਮੇਲੇ ’ਚ ਕੱਬਡੀ ਟੂਰਨਾਮੈਂਟ ਦਾ ਅੰਤਿਮ ਮੁਕਾਬਲਾ ਮੇਜ਼ਬਾਨ ਬੇਅ ਆਫ ਪਲੈਂਟੀ ਨੇ ਜਿੱਤਿਆ



ਆਕਲੈਂਡ 30 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)-ਬੇਅ ਆਫ ਪਲੈਂਟੀ ਸਪੋਰਟਸ ਕਲੱਬ ਵੱਲੋਂ ਕੱਲ੍ਹ ਦੂਜੇ ਦਿਨ ਦੇ ਵੱਖ-ਵੱਖ ਮੈਚ ਕਰਵਾਏ ਗਏ। ਮੁੱਖ ਆਕਰਸ਼ਨ ਕਬੱਡੀ ਮੈਚਾਂ ਦਾ ਰਿਹਾ ਜਿਸ ਦੇ ਵਿਚ ਕੁੜੀਆਂ ਦਾ ਮੈਚ ਵੀ ਸ਼ਾਮਿਲ ਸੀ। ਦਰਸ਼ਕਾਂ ਦਾ ਹਜ਼ੂਮ ਪਹਿਲੇ ਦਿਨ ਦੀ ਸਫਲਤਾ ਦੇ ਨਾਲ ਦੂਜੇ ਦਿਨ ਦੀ ਸਫਲਤਾ ਦਾ ਵੀ ਸਬੂਤ ਦੇ ਗਿਆ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਅਧਿਕਾਰੀ ਕਬੱਡੀ ਨਿਯਮਾਂ ਦੀ ਪਾਲਣਾ ਉਤੇ ਆਪਣੀ ਪੂਰੀ ਜਿੰਮੇਵਾਰੀ ਨਿਭਾਅ ਰਹੀ ਸੀ। ਅੰਕਾਂ ਨੂੰ ਲੈ ਕੇ ਕਈ ਵਾਰ ਖਿਡਾਰੀਆਂ ਦੀ ਆਪਣੀ ਜੱਜਮੈਂਟ ਵੀ ਵਿਚਾਰ ਅਧੀਨ ਆਈ ਪਰ ਮਾਮਲਾ ਤਰੀਕੇ ਨਾਲ ਹੱਲ ਕੀਤਾ ਜਾਂਦਾ ਰਿਹਾ। ਕਬੱਡੀ ਦੇ ਲਈ 7 ਟੀਮਾਂ ਨੇ ਭਾਗ ਲਿਆ ਅਤੇ ਅੰਤਿਮ ਮੁਕਾਬਲਾ ਮੇਜ਼ਬਾਨ ਟੀਮ ਬੇਅ ਆਫ ਪਲੈਂਟੀ ਨੇ ਪੰਜਾਬ ਕੇਸਰੀ ਨੂੰ ਹਰਾ ਕੇ ਆਪਣੇ ਨਾਂਅ ਕਰ ਲਿਆ। ਕੁੜੀਆਂ ਦੀ ਤਿੰਨ ਟੀਮਾਂ ਨੇ ਭਾਗ ਲਿਆ। ਇੰਡੀਆ ਤੋਂ ਆਏ ਖਿਡਾਰੀਆਂ ਨੇ ਵੀ ਵੱਖ-ਵੱਖ ਟੀਮਾਂ ਦੇ ਵਿਚ ਭਾਗ ਲਿਆ। ਵਾਲੀਵਾਲ ਸ਼ੂਟਿੰਗ ਦੇ ਵਿਚ ਤਿੰਨ ਟੀਮਾਂ ਨੇ ਭਾਗ ਲਿਆ ਜਿਸ ਦੇ ਵਿਚ ਮਾਲਵਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ 5ਰਿਵਰ ਦੀ ਟੀਮ ਉਪ-ਜੇਤੂ ਰਹੀ। ਵਾਲੀਵਾਲ ਦੇ ਵਿਚ ਬੇਅ ਆਫ ਪਲੈਂਟੀ ਦੀ ਟੀਮ ਫਿਰ ਬਾਜ਼ੀ ਮਾਰ ਗਈ ਜਦ ਕਿ ਬਲੈਕ ਸਪਾਈਸ ਦੂਜੇ ਨੰਬਰ ਉਤੇ ਰਹੀ। ਫੁੱਟਬਾਲ ਅੰਡਰ 14 (ਬੁਆਇਜ਼) ਦੇ ਵਿਚ ਵੀ ਬੇਅ ਆਫ ਪਲੈਂਟੀ ਪਹਿਲੇ ਨੰਬਰ ਉਤੇ ਰਹੀ ਅਤੇ ਪਾਪਾਟੋਏਟੋਏ ਦੀ ਟੀਮ ਦੂਜੇ ਨੰਬਰ ਉਤੇ ਰਹੀ। ਰੇਡੀਓ ਸਾਡੇ ਆਲਾ ਇੰਡੋ ਸਪਾਈਸ ਵਰਲਡ ਵੱਲੋਂ ਮਿਊਜ਼ੀਕਲ ਚੇਅਰ ਜੇਤੂ ਅਤੇ ਬੈਸਟ ਰੇਡਰ ਸਟਾਪਰ ਨੂੰ ਸੋਨੇ ਦੀਆਂ ਮੁੰਦਰੀਆਂ ਦਿੱਤੀਆਂ ਗਈਆਂ। ਰੇਡੀਓ ਸਾਡੇ ਆਲਾ ਤੋਂ ਭੰਗੜੇ ਦੀ ਟੀਮ ਵੀ ਇਥੇ ਪਹੁੰਚੀ ਹੋਈ ਸੀ। ਕਬੱਡੀ ਐਚ. ਡੀ. ਲਾਈਵ ਵੱਲੋਂ ਇਨ੍ਹਾਂ ਸਾਰੇ ਮੈਚਾਂ ਦਾ ਲਾਈਵ ਪ੍ਰਸਾਰਣ ਕੀਤਾ ਗਿਆ। ਸ਼ਨੀਵਾਰ ਅਤੇ ਐਤਵਾਰ ਨੂੰ ਆਈਸ ਕ੍ਰੀਮ ਅਤੇ ਕੁਲਫੀਆਂ ਖੂਬ ਫ੍ਰੀ ਵਰਤਾਈਆਂ ਗਈਆਂ। ਗੁਰੂ ਕੇ ਲੰਗਰ ਵਿਚ ਚਾਵਲ, ਛੋਲੇ, ਕੜ੍ਹੀ, ਚਾਹ ਅਤੇ ਮੱਠੀਆਂ ਆਦਿ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ। ਗਿੱਲ ਟ੍ਰੈਵਲ ਵੱਲੋਂ ਦੇਸੀ ਘਿਓ ਦੇ ਪੀਪੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਦਿੱਤੇ ਗਏ। ਬੈਸਟ ਜਾਫੀ ਪਿੰਦੂ ਸੀਚੇਵਾਲ ਅਤੇ ਬੈਸਟ ਰੇਡਰ ਬੰਟੀ ਟਿੱਬਾ ਅਤੇ ਸਿਮੂ ਕੰਗ ਨੂੰ ਐਲਾਨਿਆ ਗਿਆ। ਬੈਸਟ ਜਾਫੀ ਅਤੇ ਬੈਸਟ ਰੇਡਰ ਨੂੰ 1500 ਡਾਲਰ ਦਾ ਇਨਾਮ ਸੀ ਪਰ ਦਰਸ਼ਕਾਂ ਨੇ ਪਿਆਰ ਬਖਸ਼ਦਿਆਂ 3000 ਡਾਲਰ ਤੱਕ ਕਰ ਦਿੱਤਾ।







**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today


**MISSISSAUGA $975**

**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**
Photo Not Available
**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**

**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**

**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**

**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**
Photo Not Available
**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**
Photo Not Available
**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**


**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**

**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**
Photo Not Available
**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**
Photo Not Available
**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**

**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**


**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**

**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**

**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**

**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਮੋਦੀ ਸਰਕਾਰ ਵੱਲੋਂ ਸਿੱਖ ਕੈਦੀਆਂ ਬਾਰੇ ਛੋਟਾਂ ਨਾਲ ਅਕਾਲੀ ਅਤੇ ਕਾਂਗਰਸੀ ਆਗੂ ਚਿੰਤਤ

ਪਟਿਆਲਾ, 30 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪਹਿਲਾਂ ਕੁਝ ਪ੍ਰਵਾਸੀ ਸਿੱਖਾਂ ਨੂੰ 'ਕਾਲੀ ਸੂਚੀ' ਤੋਂ ਕੱਢਣ ਦਾ ਐਲਾਨ ਕਰਨਾ, ਫਿਰ ਅੱਠ ਸਿੱਖ ਕੈਦੀਆਂ ਨੂੰ ਛੱਡਣ ਦਾ ਐਲਾਨ ਤੇ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦੇਣਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਫੰਡ ਰੀਲੀਜ਼ ਕਰਨ ਦੇ ਨਾਲ ਹੋਰ ਕਈ ਤਰ੍ਹਾਂ ਦੇ ਸਿੱਖ ਹਿਤੈਸ਼ੀ ਫੈਸਲੇ ਕਰੀ ਜਾਣ ਨਾਲ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਦੇ ਵੱਡੇ ਆਗੂ ਬਹੁਤ ਚਿੰਤਾ ਵਿੱਚ ਦੱਸੇ ਜਾਂਦੇ ਹਨ।



ਵਰਨਣ ਯੋਗ ਹੈ ਕਿ ਜਦੋਂਅਕਾਲੀ ਦਲ ਹਾਲੇ ਤੱਕ ਸ੍ਰੀ ਗੁਰੂ ਨਾਨਕ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਦੇ ਗੋਲੀ ਕਾਂਡ ਦੇ ਮੁੱਦੇਤੋਂ ਨਹੀਂ ਨਿਕਲਿਆ, ਦੂਸਰੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਗਾਤਾਰ ਪੰਜਾਬ ਵਿਚ ਪੰਥਕ ਏਜੰਡਾ ਚਲਾ ਕੇ ਅਕਾਲੀ ਦਲ ਦਾ ਸਿੱਖ ਵੋਟ ਬੈਂਕ ਖੋਹਣ ਲੱਗੇ ਹੋਏ ਸਨ, ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਅਚਾਨਕ ਸਿੱਖਾਂ ਨੂੰ ਖੁਸ਼ ਕਰਨ ਦੇ ਫੈਸਲੇ ਲੈਣ ਲੱਗ ਪਈ ਹੈ। ਇਸ ਨਾਲ ਪੰਥਕ ਸਿਆਸਤ ਕਰਨ ਵਾਲੇ ਅਕਾਲੀ ਦਲ ਦੇ ਨਾਲ ਪੰਜਾਬ ਕਾਂਗਰਸ ਦੇ ਆਗੂ ਵੀ ਚਿੰਤਾ ਵਿਚ ਹੈ। ਹਰਿਆਣਾਵਿਧਾਨ ਸਭਾ ਚੋਣਾਂ ਅਕਾਲੀ ਦਲ ਵੱਲੋਂ ਵੱਖਰੇਲੜਨ ਦੇ ਐਲਾਨ ਪਿੱਛੋਂ ਅਕਾਲੀ-ਭਾਜਪਾ ਸੰਬੰਧਾਂ ਵਿਚ ਕੌੜ ਹੋਰ ਵਧੀ ਹੈ। ਭਾਜਪਾ ਦਾ ਅਸਲ ਨਿਸ਼ਾਨਾ ਪੰਜਾਬ ਵਿੱਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਮੰਨਿਆ ਜਾਂਦਾ ਹੈ। ਓਦੋਂ ਭਾਜਪਾ ਹਰਿਆਣਾ ਵਾਂਗਪੰਜਾਬ ਵਿੱਚ ਇਕੱਲੇ ਲੜਨ ਦੀ ਸੋਚ ਰਹੀ ਹੈ, ਜਿਸ ਲਈ ਉਸ ਨੇ ਪੰਜਾਬ ਨੂੰ ਸਿਆਸੀ ਲੈਬਾਰਟਰੀ ਬਣਾਇਆ ਹੋਇਆ ਹੈ, ਜਿੱਥੇ ਕਈ ਤਜਰਬੇਹੋ ਰਹੇ ਹਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ ਹਿੰਦੂ ਸਿੱਧੇ ਭਾਜਪਾ ਦੇ ਹੱਕ ਵਿਚ ਭੁਗਤੇ ਸਨ। ਉਹ ਲਗਾਤਾਰ ਕਾਂਗਰਸ ਤੇ ਅਕਾਲੀਆਂ ਦਾ ਬਦਲ ਲੱਭ ਰਹੇ ਹਨ, ਜਿਸ ਕਾਰਨ ਭਾਜਪਾ ਉੱਤੇ ਦਬਾਅ ਹੈ ਕਿ ਇਕੱਲੀ ਮੈਦਾਨ ਵਿਚ ਆਏ।

ਜਾਣਕਾਰ ਸੂਤਰਾਂ ਅਨੁਸਾਰ ਸਿੱਖ ਸੰਤਾਂਨਾਲ ਵੀ ਮੋਦੀ ਸਰਕਾਰ ਨੇ ਨੇੜ ਵਧਾਇਆ ਤੇ ਇਸ ਰਾਜ ਦੀ ਰਾਜਨੀਤੀ ਵਿਚ ਅਸਰ ਵਾਲੇ ਕਈ ਸਿੱਖ ਡੇਰਿਆਂ ਨਾਲ ਭਾਜਪਾ ਪ੍ਰਧਾਨ ਅਮਿਤ ਸ਼ਾਹ, ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਹੋਰ ਆਗੂਆਂ ਨੇ ਸਿੱਧਾ ਸੰਪਰਕ ਕੀਤਾ ਹੈ। ਮਾਰਚ 2020 ਤੱਕ ਭਾਜਪਾ ਪੰਜਾਬ ਵਿਚ ਕਈ ਤਜਰਬੇ ਕਰ ਕੇ ਸਿਆਸੀ ਰੁਖ ਪਤਾ ਲਾਉਣਾ ਚਾਹੁੰਦੀ ਹੈ।ਉਸ ਦੀ ਰਣਨੀਤੀ ਹੈ ਕਿ ਜੇ ਪੰਜਾਬ ਦੀਆਂ 117 ਸੀਟਾਂ ਵਿਚੋਂ 50 ਤੋਂ ਵੱਧ ਜਿੱਤ ਲਵੇ ਅਤੇ ਇਨ੍ਹਾਂ ਵਿਚ 15 ਅਤੇ 20 ਦੇ ਵਿਚਾਲੇ ਸਿੱਖ ਚਿਹਰੇ ਜਿਤਾ ਲਵੇ ਤਾਂ ਰਾਜ ਵਿੱਚ ਸਰਕਾਰ ਬਣਾ ਸਕਦੀ ਹੈ। ਇਸ ਨੀਤੀ ਤੋਂ ਅਕਾਲੀ ਦਲ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੋਵਾਂ ਦੀ ਚਿੰਤਾ ਵਧ ਗਈ ਸੁਣੀ ਜਾਂਦੀ ਹੈ, ਪਰ ਸਭ ਤੋਂ ਵੱਧ ਚਿੰਤਾ ਵਿਚ ਅਕਾਲੀ ਆਗੂ ਦੱਸੇ ਜਾ ਰਹੇ ਹਨ।

# ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਸਮਾਗਮ ਲਈ ਪਾਕਿ ਦਾ ਮਨਮੋਹਨ ਸਿੰਘ ਨੂੰ ਸੱਦਾ

ਇਸਲਾਮਾਬਾਦ, 30 ਸਤੰਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ ਸਾਹਿਬ) ਅਤੇ ਡੇਰਾ ਬਾਬਾ ਨਾਨਕ ਨੂੰ ਜੋੜਨ ਲਈ ਉਸਾਰੇ ਜਾ ਰਹੇ ਲਾਂਘੇ ਦਾ ਉਦਘਾਟਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ 9 ਨਵੰਬਰ ਨੂੰ ਕਰਨਗੇ। ਆਮ ਲੋਕਾਂ ਦੇ ਲਈ ਇਹ ਲਾਂਘਾ 11 ਨਵੰਬਰ ਨੂੰ ਖੋਲ੍ਹਿਆ ਜਾਵੇਗਾ, ਜਿਸ ਪਿੱਛੋਂ 12 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਹੈ। ਇਸ ਦੌਰਾਨ ਕਰਤਾਰਪੁਰ ਲਾਂਘੇ ਦੇ ਉਦਘਾਟਨ ਤੋਂ ਪਹਿਲਾਂ ਪਾਕਿਸਤਾਨ ਸਰਕਾਰ ਨੇ ਵੱਡਾ ਦਾਅ ਖੇਡਿਆ ਹੈ।

ਪਾਕਿਸਤਾਨ ਦੇ ਵਿਦੇਸ਼ ਮੰਤਰੀ ਮੁਹੰਮਦ ਕੁਰੈਸ਼ੀ ਨੇ ਅੱਜ ਏਥੇ ਕਿਹਾ ਹੈ ਕਿ ਕਰਤਾਰਪੁਰ ਲਾਂਘੇ ਦੇ ਉਦਘਾਟਨ ਸਮਾਗਮ ਵਿੱਚ ਸ਼ਾਮਲ ਹੋਣ ਲਈ ਉਹ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਸੱਦਾ ਭੇਜ ਰਹੇ ਹਨ। ਉਨ੍ਹਾਂ ਕਿਹਾ ਕਿ ਡਾ: ਮਨਮੋਹਨ ਸਿੰਘ ਸਿੱਖ ਕੌਮ ਦੀ ਅਗਵਾਈ ਕਰਦੇ ਹਨ ਅਤੇ ਉਨ੍ਹਾਂ ਨੂੰ ਸੱਦਾ ਭੇਜਿਆ ਜਾਵੇਗਾ। ਇਹ ਜਾਣਕਾਰੀ ਵਿਦੇਸ਼ ਮੰਤਰੀ ਮੁਹੰਮਦ ਕੁਰੈਸ਼ੀ ਨੇ ਟਵੀਟ ਰਾਹੀਂ ਦਿੱਤੀ। ਕਿਉਂਕਿ ਇਹ ਸੱਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਹੀਂ ਦਿੱਤਾ ਗਿਆ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦਿੱਤਾ ਗਿਆ ਹੈ, ਇਸ ਨੂੰ ਇੱਕ ਨਵਾਂ ਦਾਅ ਕਿਹਾ ਜਾ ਰਿਹਾ ਹੈ ਅਤੇ ਇਸ ਉੱਤੇ ਨਵਾਂ ਵਿਵਾਦ ਛਿੜ ਗਿਆ ਹੈ।

*** ਮਨਮੋਹਨ ਸਿੰਘ ਇਹ ਸੱਦਾ ਕਬੂਲ ਨਹੀਂ ਕਰ ਰਹੇ**







ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੇ ਨੇੜਲੇ ਕਾਂਗਰਸ ਪਾਰਟੀ ਦੇ ਜ਼ਿੰਮੇਵਾਰ ਹਲਕਿਆਂ ਨੇ ਕਿਹਾ ਹੈ ਕਿ ਮਨਮੋਹਨ ਸਿੰਘ ਇਸ ਸੱਦੇ ਨੂੰ ਸਵੀਕਾਰ ਨਹੀਂ ਕਰ ਰਹੇ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਵਿੱਚੋਂ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਅਤੇ 35ਏ ਖ਼ਤਮ ਕਰ ਦਿੱਤੇ ਜਾਣ ਦੇ ਬਾਅਦ ਪਾਕਿਸਤਾਨ ਕਾਫ਼ੀ ਭੜਕਿਆ ਪਿਆ ਅਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੁਨੀਆ ਵਿੱਚ ਕਸ਼ਮੀਰ ਬਾਰੇ ਚਿੰਤਾ ਦਾ ਪ੍ਰਗਟਾਵਾ ਕਰ ਰਹੇ ਹਨ। ਇਸੇ ਲਈ ਪਾਕਿ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਨਹੀਂ ਭੇਜਿਆ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਜੌਨਸਨ ਉੱਤੇ ਨਵੇਂ ਦੋਸ਼ ਲੱਗੇ

*** ਜੌਨਸਨ ਦੇ ਦਫਤਰ ਵੱਲੋਂ ਦੋਸ਼ਾਂ ਦਾ ਖੰਡਨ**

ਲੰਡਨ, 30 ਸਤੰਬਰ, (ਪੋਸਟ ਬਿਊਰੋ)- ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਉੱਤੇ ਦੋਸ਼ ਲੱਗੇ ਹਨ ਕਿ ਉਨ੍ਹਾਂ ਨੇ 20 ਸਾਲ ਪਹਿਲਾਂ ਦੋ ਔਰਤਾਂ ਨਾਲਸੈਕਸੀ ਦੁਰ ਵਿਹਾਰ ਕੀਤਾ ਸੀ।



ਇਕ ਅੰਗਰੇਜ਼ੀ ਅਖਬਾਰ ਦੇ ਲੇਖ ਵਿਚਮਹਿਲਾ ਪੱਤਰਕਾਰ ਸ਼ਾਰਲੋਟ ਐਡਵਰਡ ਨੇ ਲਿਖਿਆ ਹੈ ਕਿ ਜੌਨਸਨ ਨੇ ਇਕ ਪਾਰਟੀ ਵਿਚ ਉਸ ਨਾਲ ਇਤਰਾਜ਼ ਯੋਗ ਵਿਹਾਰ ਕੀਤਾ ਸੀ। ਐਡਵਰਡ ਨੇ ਕਿਹਾ ਕਿ ਓਦੋਂ ਉਹ ਇਕ ਅਖਬਾਰ ਦੀ ਸੰਪਾਦਕ ਸੀ ਤੇ ਉਹ ਪਾਰਟੀ ਉਸੇ ਅਖਬਾਰ ਨੇ ਰੱਖੀ ਸੀ। ਐਡਵਰਡ ਨੇ ਕਿਹਾ ਕਿ ਰਾਤ ਦੇ ਭੋਜਨ ਪਿੱਛੋਂ ਉਸ ਨੇ ਇਕ ਹੋਰ ਮਹਿਲਾ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਸ ਦਾ ਕਹਿਣਾ ਸੀ ਕਿ ਜੌਨਸਨ ਨੇ ਉਸ ਨਾਲ ਵੀ ਇਹੋ ਕੀਤਾ ਸੀ।

ਇਹ ਲੇਖ ਛਪਣ ਪਿੱਛੋਂ ਪ੍ਰਧਾਨ ਮੰਤਰੀ ਜੌਨਸਨ ਦੇ ਦਫਤਰ ਨੇ ਇਕ ਸੰਖੇਪ ਬਿਆਨ ਜਾਰੀ ਕੀਤਾ ਅਤੇ ਕਿਹਾ ਕਿ ਇਹ ਦੋਸ਼ ਝੂਠੇ ਹਨ, ਪਰ ਸ਼ਾਰਲੋਟ ਐਡਵਰਡ ਆਪਣੀ ਗੱਲ ਉੱਤੇ ਕਾਇਮ ਹੈ। ਉਨ੍ਹਾਂ ਟਵੀਟ ਕੀਤਾ ਕਿ 'ਪ੍ਰਧਾਨ ਮੰਤਰੀ ਨੂੰ ਇਹ ਘਟਨਾ ਜੇ ਠੀਕ ਤਰ੍ਹਾਂ ਯਾਦ ਨਹੀਂ ਤਾਂ ਸਪੱਸ਼ਟ ਰੂਪ ਨਾਲ ਉਨ੍ਹਾਂ ਦੇ ਮੁਕਾਬਲੇ ਮੇਰੀ ਯਾਦਸ਼ਕਤੀ ਉਨ੍ਹਾਂ ਤੋਂ ਵੱਧ ਹੈ।' ਇਹ ਦੋਸ਼ ਓਦੋਂਲਾਇਆ ਗਿਆ ਹੈ,ਜਦੋਂ ਜੌਨਸਨ ਦੀ ਕੰਜ਼ਰਵੇਟਿਵ ਪਾਰਟੀ ਦਾ ਸਲਾਨਾ ਸੰਮੇਲਨ ਹੋ ਰਿਹਾ ਹੈ ਅਤੇ ਪਾਰਟੀ 31 ਅਕਤੂਬਰ ਨੂੰ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਯੋਜਨਾਬੱਧ ਤਰੀਕੇ ਨਾਲ ਹਟਣ ਉੱਤੇ ਵਿਚਾਰ ਕਰ ਰਹੀ ਹੈ। ਖੱਬੇਪੱਖੀ ਵੱਲ ਝੁਕਾਅ ਵਾਲੇ ਕਈ ਅਖਬਾਰਾਂ ਨੇ ਇਸ ਦੋਸ਼ ਨੂੰ ਪਹਿਲੇ ਸਫੇ ਉੱਤੇਜਗ੍ਹਾ ਦਿੱਤੀ ਅਤੇ ਇਹ ਮੁੱਦਾ ਪਾਰਟੀ ਦੀ ਬੈਠਕ ਵਿਚ ਚਰਚਾ ਦਾ ਵਿਸ਼ਾ ਬਣ ਗਿਆ।

ਇਕ ਅੰਗਰੇਜ਼ੀ ਅਖਬਾਰ ਨੇ ਇਸ ਨੂੰ ਤਾਕਤ ਦੀ ਦੁਰਵਰਤੋਂ ਦਾ ਕੇਸ ਦੱਸਿਆਤੇ ਇਕ ਏਜੰਸੀ ਨੇ ਪਹਿਲੇ ਸਫੇ ਉੱਤੇ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਜੌਨਸਨ ਦੋਸ਼ਾਂ ਤੋਂ ਇਨਕਾਰ ਕਰਨ ਵਾਸਤੇ ਮਜਬੂਰ ਹੋਏ ਹਨ। ਇਸ ਤੋਂ ਪਹਿਲਾਂ ਜੌਨਸਨ ਅਮਰੀਕੀ ਕਾਰੋਬਾਰੀ ਮਹਿਲਾ ਜੇਨੀਫਰ ਅਰਕੁਰੀ ਦੇ ਦੋਸ਼ਾਂ ਬਾਰੇ ਜਾਂਚ ਦੇ ਘੇਰੇ ਵਿਚ ਹਨ। ਜੇਨੀਫਰ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਲੰਡਨ ਵਿਚ ਸਰਕਾਰੀ ਖਜ਼ਾਨੇ ਵਿਚੋਂ ਪੈਸੇ ਅਤੇ ਭੱਤੇ ਮਿਲੇ ਸਨ ਅਤੇ ਉਸ ਸਮੇਂ ਜੌਨਸਨ ਲੰਡਨ ਦੇ ਮੇਅਰ ਸਨ, ਪਰ ਜੌਨਸਨ ਨੇ ਓਦੋਂ ਵੀ ਕੋਈ ਗਲਤੀ ਹੋਣ ਤੋਂ ਇਨਕਾਰ ਕੀਤਾ ਸੀ।

# ਹਰਿਆਣਾ ਚੋਣਾਂ: ਭਾਜਪਾ ਵੱਲੋਂ ਦੋ ਮੰਤਰੀਆਂ ਨੂੰ ਟਿਕਟਾਂ ਤੋਂ ਇਨਕਾਰ

*** ਖਿਡਾਰੀ ਯੋਗੇਸ਼ਵਰ, ਸੰਦੀਪ ਤੇ ਬਬੀਤਾ ਉਮੀਦਵਾਰ ਬਣਾਏ ਗਏ**

ਨਵੀਂ ਦਿੱਲੀ, 30 ਸਤੰਬਰ, (ਪੋਸਟ ਬਿਊਰੋ)- ਭਾਜਪਾ ਦੀਕੇਂਦਰੀ ਚੋਣ ਕਮੇਟੀ ਵੱਲੋਂ ਮੋਹਰ ਲੱਗਣ ਮਗਰੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲਈ ਪਾਰਟੀ ਉਮੀਦਵਾਰਾਂ ਪਹਿਲੀ ਸੂਚੀ ਜਾਰੀ ਹੋ ਗਈ ਹੈ। 90 ਮੈਂਬਰੀ ਵਿਧਾਨ ਸਭਾ ਲਈ '75 ਤੋਂ ਪਾਰ' ਦਾ ਨਾਅਰਾ ਦੇ ਰਹੀ ਪਾਰਟੀ ਨੇ 78 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।

ਅੱਜ ਜਾਰੀ ਹੋਈ ਸੂਚੀ ਮੁਤਾਬਕ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਰਨਾਲ ਹਲਕੇ ਤੋਂ ਹੀ ਚੋਣ ਲੜਨਗੇ ਅਤੇ ਸੂਬਾ ਪ੍ਰਧਾਨ ਸੁਭਾਸ਼ ਬਰਾਲਾ ਫਿਰ ਟੋਹਾਣਾ ਤੋਂ ਉਮੀਦਵਾਰ ਹੋਣਗੇ। ਉਦਯੋਗ ਮੰਤਰੀ ਵਿਪੁਲ ਗੋਇਲ, ਪੀਡਬਲਿਊਡੀ ਮੰਤਰੀ ਰਾਓ ਨਰਬੀਰ ਸਿੰਘ ਤੇ ਵਿਧਾਨ ਸਭਾ ਦੀ ਡਿਪਟੀ ਸਪੀਕਰ ਸੰਤੋਸ਼ ਯਾਦਵ ਸਮੇਤ ਅੱਠ ਮੌਜੂਦਾ ਵਿਧਾਇਕਾਂ ਨੂੰ ਟਿਕਟਾਂ ਤੋਂ ਨਾਂਹਹੋ ਗਈ ਹੈ।ਭਾਜਪਾ ਨੇ ਪਹਿਲੀ ਸੂਚੀ ਵਿਚ ਦੂਜੀਆਂ ਪਾਰਟੀਆਂ ਛੱਡ ਕੇ ਆਏ ਅੱਠ ਵਿਧਾਇਕਾਂ, ਇਕ ਸਾਬਕਾ ਰਾਜ ਸਭਾ ਮੈਂਬਰ ਅਤੇ ਇਕ ਹੋਰ ਆਗੂ ਨੂੰ ਟਿਕਟ ਦਿੱਤੀ ਹੈ। ਖ਼ੁਰਾਕ ਅਤੇ ਸਪਲਾਈ ਰਾਜ ਮੰਤਰੀ ਕਰਨ ਦੇਵ ਕੰਬੋਜ ਨੂੰ ਇੰਦਰੀ ਹਲਕੇ ਦੀ ਥਾਂ ਰਾਦੌਰ ਤੋਂ ਟਿਕਟ ਦਿੱਤੀ ਗਈ ਹੈ। ਪਹਿਲਵਾਨ ਯੋਗੇਸ਼ਵਰ ਦੱਤ ਨੂੰ ਬਰੋਦਾ, ਪਹਿਲਵਾਨ ਗੀਤਾ ਫੋਗਾਟ ਨੂੰ ਦਾਦਰੀ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਨੂੰ ਪਿਹੋਵਾ ਤੋਂ ਚੋਣ ਲੜਾਉਣ ਦਾ ਐਲਾਨ ਕੀਤਾ ਗਿਆ ਹੈ।ਭਾਜਪਾ ਨੇ ਨੌਂ ਔਰਤਾਂ ਤੇ 38 ਮੌਜੂਦਾ ਵਿਧਾਇਕਾਂ ਨੂੰ ਟਿਕਟਾਂ ਦਿੱਤੀਆਂ ਅਤੇ 32 ਸੀਟਾਂ ਬਦਲ ਦਿੱਤੀਆਂ ਹਨ। 12 ਹਲਕਿਆਂ ਦੀਆਂ ਟਿਕਟਾਂ ਦਾ ਅਜੇ ਐਲਾਨ ਨਹੀਂ ਕੀਤਾ। ਇਨ੍ਹਾਂ ਵਿਚ ਦੋ ਬਾਗ਼ੀ ਵਿਧਾਇਕਾਂ ਮੁਲਾਣਾ ਤੋਂ ਸੰਤੋਸ਼ ਸਾਰਵਾਨ ਅਤੇ ਪਟੌਦੀ ਤੋਂ ਬਿਮਲਾ ਚੌਧਰੀ ਦੇ ਹਲਕੇ ਵੀ ਸ਼ਾਮਲ ਹਨ।

# ਸੀ ਬੀ ਆਈ ਦੇ ਅਫਸਰ ਫਿਰ ਭਿੜੇ, ਜਾਇੰਟ ਡਾਇਰੈਕਟਰ ਉੱਤੇ ਫਰਜ਼ੀ ਮੁਕਾਬਲੇ ਦਾ ਦੋਸ਼

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਪ੍ਰਮੁੱਖ ਜਾਂਚ ਏਜੰਸੀ ਸੀ ਬੀ ਆਈ ਦੇ ਅਧਿਕਾਰੀਆਂ ਵਿਚਾਲੇ ਇਕ ਵਾਰ ਮੁੜ ਅੰਦਰੂਨੀ ਲੜਾਈ ਸਾਹਮਣੇ ਆਈ ਹੈ।

ਡਿਪਟੀ ਐਸ ਪੀ ਰੈਂਕ ਦੇ ਇਕ ਅਧਿਕਾਰੀ ਨੇ ਜਾਇੰਟ ਡਾਇਰੈਕਟਰ ਵਿਰੁੱਧ ਫਰਜ਼ੀ ਮੁਕਾਬਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਹੈ। ਇਸ ਵਿਚ ਝਾਰਖੰਡ ਵਿੱਚ 14 ਨਿਰਦੋਸ਼ ਲੋਕਾਂ ਦੀ ਜਾਨ ਗਈ ਸੀ। ਇਸ ਮਾਮਲੇ ਵਿੱਚ ਸੀ ਬੀ ਆਈ ਦੇ ਅਧਿਕਾਰੀਆਂ ਦੀ ਪ੍ਰਤੀਕਿਰਿਆ ਸਾਹਮਣੇ ਨਹੀਂ ਆ ਰਹੀ। ਵਰਨਣ ਯੋਗ ਹੈ ਕਿ ਪਿਛਲੇ ਸਾਲ ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਅਤੇ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਦੀ ਅੰਦੂਰਨੀ ਲੜਾਈ 'ਚ ਜਾਂਚ ਏਜੰਸੀ ਦੀ ਜ਼ਬਰਦਸਤ ਕਿਰਕਿਰੀ ਹੋਈ ਸੀ। ਬਾਅਦ ਵਿੱਚ ਦੋਵਾਂ ਨੂੰ ਸੀ ਬੀ ਆਈ ਤੋਂ ਕੱਢ ਦਿੱਤਾ ਗਿਆ ਸੀ। ਕੇਂਦਰੀ ਜਾਂਚ ਬਿਊਰੋਂ (ਸੀ ਬੀ ਆਈ) ਦੇ ਡਾਇਰੈਕਟਰ, ਸੀ ਵੀ ਸੀ ਅਤੇ ਪ੍ਰਧਾਨ ਮੰਤਰੀ ਦਫਤਰ ਨੂੰ ਕੀਤੀ ਗਈ ਆਪਣੀ ਸ਼ਿਕਾਇਤ 'ਚ ਪੁਲਸ ਦੇ ਡਿਪਟੀ ਸੁਪਰਡੈਂਟ ਐੱਨ ਪੀ ਮਿਸ਼ਰ ਨੇ ਦੋਸ਼ ਲਾਇਆ ਹੈ ਕਿ ਏਜੰਸੀ ਦੇ ਜਾਇੰਟ ਡਾਇਰੈਕਟਰ ਏ ਕੇ ਭਟਨਾਗਰ ਝਾਰਖੰਡ ਵਿੱਚ ਹੋਏ ਫਰਜ਼ੀ ਮੁਕਾਬਲੇ ਵਿੱਚ ਸ਼ਾਮਲ ਸਨ। ਇਸ ਕੇਸ ਦੀ ਸੀ ਬੀ ਆਈ ਦੀ ਵਿਸ਼ੇਸ਼ ਅਪਰਾਧ ਸ਼ਾਖਾ ਮੁੱਢਲੀ ਜਾਂਚ ਕਰ ਰਹੀ ਹੈ।

# ਸੁਪਰੀਮ ਕੋਰਟ ਦਾ ਵੱਡਾ ਫੈਸਲਾ: ਗੁਜਰਾਤ ਦੀ ਦੰਗਾ ਤੇ ਬਲਾਤਕਾਰ ਪੀੜਤਾ ਨੂੰ 50 ਲੱਖ ਮੁਆਵਜ਼ਾ, ਨੌਕਰੀ ਤੇ ਘਰ ਦਿੱਤਾ ਜਾਵੇ

ਨਵੀਂ ਦਿੱਲੀ, 30 ਸਤੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਸਾਲ 2002 ਦੀ ਦੰਗਾ ਪੀੜਤ ਬਿਲਕਿਸ ਬਾਨੋ ਦੀ ਅਪੀਲ ਉੱਤੇਮੁਆਵਜ਼ਾ, ਸਰਕਾਰੀ ਨੌਕਰੀ ਤੇ ਮਕਾਨ ਦੇਣ ਦੇ ਹੁਕਮ ਦਿੱਤੇ ਹਨ। ਕੋਰਟ ਨੇ ਗੁਜਰਾਤ ਸਰਕਾਰ ਨੂੰ ਦੋ ਹਫਤਿਆਂ ਅੰਦਰ 50 ਲੱਖ ਰੁਪਏ ਮੁਆਵਜ਼ਾ, ਸਰਕਾਰੀ ਨੌਕਰੀ ਅਤੇ ਮਕਾਨ ਦੇਣ ਨੂੰ ਕਿਹਾ ਹੈ। ਇਸ ਤੋਂ ਪਹਿਲਾਂ ਬਿਲਕਿਸ ਬਾਨੋ ਨੇ ਕਿਹਾ ਸੀ ਕਿ ਸਰਕਾਰ ਨੇ ਇਸਹੁਕਮ ਉੱਤੇ ਅਮਲ ਨਹੀਂ ਕੀਤਾ।



ਵਰਨਣ ਯੋਗ ਹੈ ਕਿ ਪਿਛਲੀ ਸੁਣਵਾਈ ਵਿਚ ਅਦਾਲਤ ਨੇ ਰਾਜ ਸਰਕਾਰ ਨੂੰ ਬਿਲਕਿਸ ਬਾਨੋ ਨੂੰ 50 ਲੱਖ ਰੁਪਏ ਮੁਆਵਜ਼ਾ ਦੇਣ ਦੇ ਆਦੇਸ਼ ਦਿੱਤੇ ਸਨ।ਗੁਜਰਾਤ ਸਰਕਾਰ ਨੂੰ ਨਿਯਮਾਂ ਅਨੁਸਾਰ ਬਿਲਕਿਸ ਬਾਨੋ ਨੂੰ ਸਰਕਾਰੀ ਨੌਕਰੀ ਤੇ ਮਕਾਨਦੇਣ ਲਈ ਵੀ ਕਿਹਾ ਗਿਆ ਸੀ। ਕੋਰਟ ਨੇ ਦੰਗਿਆਂ ਦੇ ਕੇਸ ਵਿਚ ਗੁਜਰਾਤ ਸਰਕਾਰ ਨੂੰ ਪੀੜਤ ਔਰਤ ਨੂੰ 50 ਲੱਖ ਰੁਪਏ ਮੁਆਵਜ਼ਾ ਦੇਣ ਦਾ ਆਦੇਸ਼ ਬੀਤੇ ਅਪ੍ਰੈਲ ਵਿਚ ਦਿੱਤਾ ਸੀ। ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਬਿਲਕਿਸ ਬਾਨੋ ਸਮੂਹਿਕ ਬਲਾਤਕਾਰ ਦੇ ਕੇਸ ਵਿੱਚ ਸਬੂਤਾਂ ਨਾਲ ਛੇੜਛਾੜ ਕਰਨ ਵਾਲੇ ਬਹੁਤੇ ਅਧਿਕਾਰੀਆਂ ਨੂੰ ਪੂਰੀ ਪੈਨਸ਼ਨ ਦੇ ਲਾਭ ਤੋਂ ਹਟਾ ਦਿੱਤਾ ਗਿਆ ਸੀ। ਬਾਅਦ ਵਿੱਚ ਪਤਾ ਲੱਗਾ ਕਿ ਇਕ ਆਈ ਪੀ ਐਸ ਅਧਿਕਾਰੀ ਨੂੰ ਦੋ ਅਹੁਦਿਆਂ ਉੱਤੇ ਤੈਨਾਤ ਕਰ ਰੱਖਿਆ ਹੈ। ਸੁਪਰੀਮ ਕੋਰਟ ਨੇ ਪੁਲਿਸ ਵਾਲਿਆਂ ਖਿਲਾਫ਼ ਕਾਰਵਾਈ ਉੱਤੇ ਮੋਹਰ ਲਾਈ ਸੀ। ਬਿਲਕੀਸ ਬਾਨੋ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਕਿ ਇਸ ਕੇਸ ਵਿੱਚ ਉਸ ਨੂੰ ਵੱਧ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਉਸ ਨੇ ਨਾਲ ਇਹ ਵੀ ਕਿਹਾ ਸੀ ਕਿ ਹਾਈ ਕੋਰਟ ਵੱਲੋਂ ਦੋਸ਼ੀ ਠਹਿਰਾਏ ਗਏ ਚਾਰ ਪੁਲਿਸ ਮੁਲਾਜ਼ਮਾਂ ਅਤੇ ਦੋ ਡਾਕਟਰਾਂ ਨੂੰ ਉਸ ਦੀ ਜਾਣਕਾਰੀ ਅਨੁਸਾਰ ਗੁਜਰਾਤ ਸਰਕਾਰ ਨੇ ਫਿਰ ਵਾਪਸ ਨੌਕਰੀ ਉੱਤੇ ਰੱਖ ਲਿਆ ਸੀ। ਰਾਜ ਸਰਕਾਰ ਤੋਂ ਜਵਾਬ ਮੰਗਣ ਦੇ ਨਾਲ ਓਦੋਂ ਅਦਾਲਤ ਨੇ ਬਿਲਕਿਸ ਨੂੰ ਮੁਆਵਜ਼ੇ ਦਾ ਹੁਕਮ ਕੀਤਾ ਸੀ।

# ਨਿਊਜ਼ੀਲੈਂਡ ਪਾਰਲੀਮੈਂਟ 'ਚ ਸਮੂਹ ਸੰਗਤਾਂ 11 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣਗੀਆਂ

ਆਕਲੈਂਡ, 30 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਦੀ ਰਾਜਧਾਨੀ ਵਲਿੰਗਟਨ ਵਿਖੇ ਸਥਿਤ ਦੇਸ਼ ਦੇ ਪਾਰਲੀਮੈਂਟ ਭਵਨ ਦੇ ਬੈਂਕਿਊਟ ਹਾਲ 'ਚ 11 ਨਵੰਬਰ ਦਿਨ ਸੋਮਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਪਾਰਲੀਮੈਂਟ ਅਧਿਕਾਰੀਆਂ ਨਾਲ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਦੀ ਰਸਮੀ ਗੱਲਬਾਤ ਹੋ ਗਈ ਹੈ ਅਤੇ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਅਤੇ ਫਲਸਫੇ ਉਤੇ ਚਾਨਣਾ ਪਾਉਣ ਵਾਸਤੇ ਕੁਝ ਅੰਤਰਰਾਸ਼ਟਰੀ ਬੁਲਾਰਿਆਂ ਨੂੰ ਵੀ ਬੁਲਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਆਉਣ ਵਾਲੇ ਦਿਨਾਂ ਵਿਚ ਸਾਰਾ ਵੇਰਵਾ ਦਿੱਤਾ ਜਾਵੇਗਾ। ਇਹ ਪ੍ਰੋਗਰਾਮ 2 ਤੋਂ 3 ਘੰਟੇ ਤੱਕ ਦਾ ਹੋਵੇਗਾ ਜਿਸ ਦੇ ਵਿਚ ਪੂਰੇ ਦੇਸ਼ ਤੋਂ ਸੰਗਤਾਂ ਹਿੱਸਾ ਲੈ ਸਕਣਗੀਆਂ। ਨਿਊਜ਼ੀਲੈਂਡ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਅੰਦਰ ਇਸ ਸਬੰਧੀ ਪੂਰੇ ਵੇਰਵੇ ਸੰਗਤਾਂ ਨਾਲ ਸਾਂਝੇ ਕੀਤੇ ਜਾਣਗੇ। ਇਸ ਸਮਾਗਮ ਦੇ ਵਿਚ ਭਾਰਤੀ ਸਫਾਰਤਖਾਨੇ ਤੋਂ ਉਚ ਅਫਸਰ, ਸਥਾਨਕ ਤੇ ਭਾਰਤੀ ਰਾਜਨੀਤਕ ਸਖਸ਼ੀਅਤਾਂ, ਸਥਾਨਕ ਸਰਕਾਰੀ ਅਫਸਰ ਅਤੇ ਵਿਦਵਾਨ ਲੋਕ ਪਹੁੰਚਣਗੇ ਅਤੇ ਸੰਖੇਪ ਰੂਪ ਵਿਚ ਵਿਚਾਰ ਪ੍ਰਗਟ ਕਰਨਗੇ ਅਤੇ ਵਧਾਈ ਸੰਦੇਸ਼ ਦੇਣਗੇ। ਇਹ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਪੰਧ ਨੂੰ ਦਰਸਾਉਂਦੀਆਂ ਕੁਝ ਤਸਵੀਰਾਂ ਜਾਂ ਹੋਰ ਜਾਣਕਾਰੀ ਉਪਲਬਧ ਕਰਵਾਈ ਜਾ ਸਕੇ। ਇਸ ਮੌਕੇ ਸੰਗਤਾਂ ਦੇ ਵਾਸਤੇ ਚਾਹ-ਪਾਣੀ ਦਾ ਪ੍ਰਬੰਧ ਰਹੇਗਾ।


ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

TransExpert NOW HIRING! Skylark LOGISTICS INC.

Highway US Drivers & Owner Operators Wanted

- 2 year experience must
- Drivers paid 60C per mile.
- Midwest runs
- Direct deposit payments .
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.



Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਟਰੂਡੋ ਆਪਣਾ ਬਹੁਮਤ ਗੁਆ ਦੇਣਗੇ-ਜਿਸ ਦੀ ਪੂਰੀ ਪੂਰੀ ਸੰਭਾਵਨਾ ਹੈ



ਸੁਰਜੀਤ ਸਿੰਘ ਫਲੋਰਾ

2019 ਵਿੱਚ, ਜਸਟਿਨ ਟਰੂਡੋ ਦੀ ਅਗਵਾਈ ਵਾਲੀ ਕਨੇਡਾ ਦੀ ਲਿਬਰਲ ਪਾਰਟੀ ਹੋਣ ਦੀ ਫਿਰ ਤੋਂ ਬਹੁਤ ਸੰਭਾਵਨਾ ਬਣਦੀ ਜਾ ਰਹੀ ਹੈ।

ਕੈਨੇਡੀਅਨ ਰਾਜਨੀਤੀ ਵਿਚ, ਆਉਣ ਵਾਲੇ ਨੂੰ ਉਦੋਂ ਤਕ ਫਾਇਦਾ ਹੁੰਦਾ ਹੈ ਜਦੋਂ ਤਕ ਉਹ ਖੁਦ ਸੀਟ ਨਹੀਂ ਛੱਡਦੇ ਜਾਂ 2-3 ਚੋਣਾਂ ਤੋਂ ਬਾਅਦ, ਪਾਰਟੀ ਛੱਪੜ ਦੀ ਮੱਛੀ ਵਾਗ ਤਲਾਬ ਨੂੰ ਚੰਗੀ ਤਰ੍ਹਾਂ ਗੰਦਾ ਨਹੀਂ ਕਰ ਦਿੰਦੀ। ਉਦਾਰਹਨ ਵਜੋਂ ਉਨਟੈਰਿਉ ਸੂਬੇ ਦੀਆਂ ਚੋਣਾ ਲੈ ਲਉ ਪ੍ਰੀਮੀਅਰ ਵਿੰਨ ਨੇ ਤਲਾਬ ਇੰਨਾ ਗੰਦਾ ਕਰ ਦਿੱਤਾ ਕਿ ਸੂਬੇ ਦੇ ਮੇਸੂਰਿਆਂ ਨੇ ਇਸ ਤਰ੍ਹਾਂ ਵੋਟਾਂ ਦਾ ਜਾਲ ਵਿਛਾਇਆਂ ਕੇ ਲਿਬਰਲ ਦੇ ਤਕਰੀਬਨ ਸਾਰੇ ਮੱਛੇ ਮੱਛੀਆਂ ਤਲਾਬ ਤੋਂ ਬਾਹਰ ਕਰ ਦਿੱਤੇ।ਜਾਲ ਨੂੰ ਤਲਾਬ ਵਿਚੋਂ ਬਾਹਰ ਕੱਢਦੇ ਸਮੇਂ 7 ਕੋ ਫਿਰ ਵੀ ਜਾਲ ਵਿਚੋਂ ਬਚ ਨਿਕਲਿਆਂ। ਟਰੂਡੋ ਨੂੰ ਚੁਣੇ ਗਏ ਨੂੰ ਸਿਰਫ ਚਾਰ ਸਾਲ ਹੋਏ ਹਨ। ਜੋ ਉਹਨਾਂ ਵਲੋਂ ਘਪਲੇ ਅੱਜ ਤੱਕ ਕੀਤੇ ਹਨ , ਲੋਕ ਉਹਨਾਂ ਨੂੰ ਕੋਈ ਖਾਸ ਵਿਰੋਧ ਵਿਚ ਲੈ ਨਹੀਂ ਰਹੇ, ਸਿਵਾਏ ਕੁਛ ਕੁਛ ਬਰਾਉਨ ਅਤੇ ਬਲੈਕ ਫੇਸ ਵਾਲੇ ਮੁਦੇ ਤੇ।

ਪਾਰਟੀਆਂ ਆਰਥਿਕਤਾ ਦੇ ਅਧਾਰ 'ਤੇ ਚੋਣਾਂ ਜ਼ਿਆਦਾ ਅਕਸਰ ਹਾਰਦੀਆਂ ਹਨ. ਕੈਨੇਡਾ ਦੀ ਆਰਥਿਕਤਾ ਚੰਗੀ ਸਥਿਤੀ ਵਿਚ ਹੈ। ਪਰ ਬਜਟੀ ਘਾਟੇ ਨੂੰ ਪੂਰਾ ਕਰਨ ਲਈ ਲਿਬਰਲ ਟਰੂਡੋ ਸਰਕਾਰ ਨੂੰ ਕੁਝ ਨਾ ਕੁਝ ਹੀਲਾਂ ਵਸੀਲਾਂ ਜਰੂਰ ਕਰਨਾ ਪਵੇਗਾ।

ਪਾਰਟੀਆਂ 2019 ਵਿਚ ਜਿੱਤਦੀਆਂ ਹਨ ਕਿਉਂਕਿ ਇਕ ਥਿਰ ਪ੍ਰਤੀਵਾਦੀ ਲੋਕਪ੍ਰਿਯ ਲੋਕਾਂ ਦੁਆਰਾ ਹਾਈਜੈਕ ਕੀਤੀ ਜਾਂਦੀ ਹੈ ਜਿਵੇਂ ਕਿ ਅਮਰੀਕਾ ਵਿਚ ਟਰੰਪ ਅਤੇ ਓਨਟਾਰੀਓ ਵਿਚ ਫੋਰਡ ਨਾਲ ਸੀ।

ਸ਼ੀਅਰ ਕੰਜ਼ਰਵੇਟਿਵਜ਼ ਦਾ ਇੱਕ ਚੰਗਾ ਨੇਤਾ ਹੈ। ਉਸ ਕੋਲ ਇੰਸ਼ੋਰੈਂਸ ਸੇਲਜ਼ਮੈਨ ਦਾ ਤਜਰਬਾ ਹੈ ਜੋ ਉਸ ਦਾ ਪਹਿਲਾਂ ਕੈਰੀਅਰ ਰਹਿ ਚੁਕਾ ਹੈ। ਪਰ ਉਸ ਕੋਲ ਹਾਰਪਰ ਵਾਲੀ ਸੋਚ! ਹਾਰਪਰ ਵਾਲਾ ਨਜ਼ਰੀਆਂ ,ਹਾਰਪਰ ਵਾਲੀ ਰਣਨੀਤਕ ਕੁਸ਼ਲਤਾ ਨਹੀਂ ਹੈ। ਉਹ ਪਾਰਟੀ ਨੂੰ ਇਕ ਜੁਟ ਤਾਂ ਕਰਕੇ ਰੱਖ ਰਿਹਾ ਹੈ। ਪਰ ਲੋਕਾਂ ਦੀ ਹਰਮਨ ਪਿਆਰਤਾਂ ਨੂੰ ਨਹੀਂ ਹਾਂਸਿਲ ਕਰ ਪਾਏ।

ਜਗਮੀਤ ਸਿੰਘ ਮਜ਼ਬੂਤ ਨੇਤਾ ਸਾਬਤ ਨਹੀਂ ਹੋ ਰਹੇ,ਬੋਲਣ ਚੱਲਣ ਪਹਿਨਣ ਤੱਕ ਤਾਂ ਠੀਕ ਹੈ, ਉਹ ਇਕ ਚੰਗੇ ਬੁਲਾਰੇ ਹਨ, ਪਰ ਲੋਕਾਂ ਨੂੰ ਨਾਲ ਜੋੜਨਾਂ ਜੋ ਬਹੁਤ ਔਖਾ ਕੰਮ ਹੈ। ਪਰ ਪਿਛਲੇ ਸਾਲ ਤੇ ਝਾਂਤ ਮਾਰੀਏ ਤਾਂ ਇੱਥੋਂ ਤਕ ਕਿ ਉਹ ਤਿਆਰ ਵੀ ਨਹੀਂ ਹਨ। ਹੁਣ ਜਾਂ ਕੇ ਵੋਟਾਂ ਦੇ ਤੀਜੇ ਹਫਤੇ ਕੁਝ ਪਾਰਟੀ ਦੇ ਵੱਡੇ ਵੱਡੇ ਵਾਅਦਿਆਂ ਨਾਲ ਅੱਗੇ ਤਾਂ ਵਧ ਰਹੇ ਹਨ, ਪਰ ਜੋ ਉਹ ਵਾਅਦੇ ਕਰ ਰਹੇ ਹਨ , ਉਹ ਉਹਨਾਂ ਨੂੰ ਕਿਵੇਂ ਪੂਰਾ ਕਰਨਗੇ।ਜਿਸ ਵਾਰੇ ਕਿਸੇ ਕੋਲ ਵੀ ਕੋਈ ਜਵਾਬ ਨਹੀਂ ਹੈ। ਜਿਵੇਂ ਕਿ ਬਰੈਂਪਟਨ ਵਿਚ ਹਸਪਤਾਲ ਦਾ ਬਣਾਉਣਾ ਜੋ ਇਕ ਬੇਤੁਕਾਂ ਵਾਅਦਾ ਹੈ। ਕਿਉਂਕਿ ਫੈਡਰਲ ਸਿਧੇ ਤੌਰ ਤੇ ਸਿਟੀ ਨੂੰ ਪੈਸਾ ਨਹੀਂ ਦੇ ਸਕਦੀ , ਜੋ ਪਹਿਲਾਂ ਸੂਬੇ ਦੀ ਸਰਕਾਰ ਤੱਕ ਜਾਏਗਾ। ਉਹ ਇਸ ਪੈਸੇ ਨੂੰ ਕਿਵੇਂ ਵਰਤਦੀ ਹੈ , ਇਹ ਉਸ ਤੇ ਨਿਰਭਰ ਕਰਦਾ ਹੈ। ਜਾਂ ਫਿਰ ਜੇਕਰ ਜਗਮੀਤ ਸਿੰਘ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਫੈਡਰਲ ਦੇ ਸਵੇਦਾਨ ਵਿਚ ਬਦਲ ਕਰਦੇ ਹਨ , ਜਿਸ ਤਹਿਤ ਉਹ ਸਿੱਧਾ ਸਿਟੀ ਨੂੰ ਪੈਸਾ ਦੇ ਸਕਣ , ਜੋ ਇੰਨਾ ਸੌਖਾ ਨਹੀਂ ਹੈ। ਸੋ ਇਸ ਤਰ੍ਹਾਂ ਦੇ ਬਾਅਦੇ ਉਹਨਾਂ ਨਾਲ ਲੋਕਾਂ ਨੂੰ ਤੋੜਣਗੇ ਨਾ ਕੇ ਜੋੜਣਗੇ।

ਚੋਣਾਂ ਵਿੱਚ ਵਿਗਾੜ ਪੈਦਾ ਕਰਨ ਵਾਲਾ ਹੈ. ਮੈਕਸਿਮ ਬਰਨੀਅਰ, ਇਕ ਮੇਲ ਖਾਂਦੀ ਜੌਲਾਇਨ ਨਾਲ ਹਉਮੈ, ਅਸਲ ਵਿਚ ਇਕ ਵਧੇਰੇ ਜਾਤੀਵਾਦੀ, ਵਧੇਰੇ ਸੱਜੇਪੱਖੀ, ਘੱਟ ਇਲੈਕਟ੍ਰੇਟਬਲ ਸੱਜੇਪੱਖੀ ਪਾਰਟੀ ਬਣਾਉਣ ਦੇ ਨਾਲ ਕੰਜ਼ਰਵੇਟਿਵਜ਼ ਨਾਲ ਮੁਕਾਬਲਾ ਕਰਨ ਲਈ ਅੱਗੇ ਵੱਧ ਰਹੀ ਹੈ. ਉਹ ਨਿਸ਼ਚਤ ਤੌਰ 'ਤੇ ਲਿਬਰਲ ਜਾਂ ਐਨਡੀਪੀ ਦੀਆਂ ਵੋਟਾਂ ਨੂੰ ਵਿਸ਼ਵ' ਤੇ ਆਪਣੇ ਅਯਾਨ ਰੈਂਡ ਵਿਚਾਰਾਂ ਅਤੇ ਇਮੀਗ੍ਰੇਸ਼ਨ ਬਾਰੇ ਸਪਸਟ ਤੌਰ 'ਤੇ ਇਕ ਇਤਿਹਾਸਕ ਵਿਚਾਰਾਂ ਨਾਲ ਹਾਂਸਲ ਨਹੀਂ ਕਰੇਗਾ। ਉਹ ਉਸੇ ਅਧਾਰ ਦਾ ਪਿੱਛਾ ਕਰ ਰਿਹਾ ਹੈ ਜਿਵੇਂ ਕਿ ਕੰਜ਼ਰਵੇਟਿਵ।

ਕਾਰਬਨ ਟੈਕਸ ਅਤੇ ਪਾਈਪ ਲਾਈਨ ਨੂੰ ਵੇਖਣ ਦੇ ਕੁਝ ਵਿਗਾੜਣ ਵਾਲੇ ਮੁੱਦੇ ਹਨ. ਪਾਈਪ ਲਾਈਨ ਦੀ ਸ਼ੁਰੂਆਤ ਕਰਦਿਆਂ, ਟਰੂਡੋ ਨੇ ਟੀਮ ਨੂੰ ਖਰੀਦ ਕੇ ਇਕ ਟੀਮ ਲਈ, 4.7 ਬਿਲੀਅਨ ਡਾਲਰ ਤੁਰੰਤ ਅਤੇ ਸ਼ਾਇਦ ਲੰਬੇ ਸਮੇਂ ਵਿਚ 15 ਬਿਲੀਅਨ ਡਾਲਰ ਦੇ ਨੇੜੇ ਲਿਆ. ਵਿਸ਼ਵਵਿਆਪੀ ਵਪਾਰ ਸੰਦੇਸ਼ ਇਹ ਭੇਜਣਾ ਜ਼ਰੂਰੀ ਸੀ ਕਿ ਕਨੇਡਾ ਕਾਰੋਬਾਰ ਲਈ ਖੁੱਲਾ ਹੈ, ਪਰ ਇਹ ਉਸਨੂੰ ਅਲਬਰਟਾ ਜਾਂ ਬਾਕੀ ਕਨੇਡਾ ਵਿੱਚ ਕੋਈ ਵੋਟ ਨਹੀਂ ਦੇਵੇਗਾ, ਅਸਲ ਵਿੱਚ ਇਹ ਉਸਨੂੰ ਮੌਸਮੀ ਤਬਦੀਲੀ ਦੇ ਵੋਟਰਾਂ ਤੋਂ ਗੁਆ ਦੇਵੇਗਾ. ਇਸਦਾ ਫਲਿਪ ਸਾਈਡ ਇਹ ਹੈ ਕਿ ਸੰਘੀ ਅਤੇ ਸੂਬਾਈ ਪੱਧਰ 'ਤੇ ਰੂੜ੍ਹੀਵਾਦੀ ਸੰਘੀ ਕਾਰਬਨ ਟੈਕਸ ਨੂੰ ਇਕ ਪਾੜਾ ਵਜੋਂ ਜੋੜ ਰਹੇ ਹਨ ਅਤੇ ਇਸ ਨੂੰ ਬੀਐਸ ਦੇ ਵੱਖ ਵੱਖ ਰੂਪਾਂ ਨਾਲ ਬਦਨਾਮ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਇਹ ਸਵਿੰਗ ਵੋਟਰਾਂ ਨਾਲ ਗੂੰਜਣ ਦੀ ਸੰਭਾਵਨਾ ਹੈ ਜੋ ਵਿੱਤੀ ਕੇਂਦਰਵਾਦੀ ਹਨ ਅਤੇ ਖਾਸ ਕਰਕੇ ਸਮੇਂ ਦੀ ਪਰਵਾਹ ਨਹੀਂ ਕਰਦੇ. ਸੁਮੇਲ ਸੰਭਾਵਤ ਤੌਰ 'ਤੇ ਲਿਬਰਲ ਨੂੰ ਮਿਲਣ ਵਾਲੀਆਂ ਵੋਟਾਂ ਨੂੰ ਤੋੜ ਦੇਵੇਗਾ।

ਟਰੂਡੋ ਆਪਣਾ ਬਹੁਮਤ ਗੁਆ ਦੇਣਗੇ. ਜਿਸ ਦੀ ਪੂਰੀ ਪੂਰੀ ਸੰਭਾਵਨਾ ਹੈ।

ਸ਼ੀਅਰ ਆਪਣੇ ਆਪ ਨੂੰ ਪੂਰੀ ਤਰ੍ਹਾਂ ਕੈਨੇਡੀਅਨਾਂ ਦੇ ਮਨਾਂ 'ਚ ਉਤਰਨ ਦੇ ਬਾਵਜੂਦ,ਅਤੇ ਟਰੂਡੋ ਲਿਬਰਲਾਂ ਦਾ ਜੋ ਨੁਕਸਾਨ ਕਰ ਰਿਹਾ ਹੈ ਪਰ ਦੂਜੇ ਪਾਸੇ ਟਰੂਡੋ ਦਾ ਧਿਆਨ ਨੀਤੀ ਅਨੁਸਾਰ ਸੁਝਵਾਨਤਾਂ ਨਾਲ ਐਨਡੀਪੀ ਦੇ ਖੇਤਰਾਂ ਵਿਚ ਕੇਂਦਰਿਤ ਕਰਕੇ ਉਹਨਾਂ ਦੀਆਂ ਵੋਟਾਂ ਨੂੰ ਆਪਣੇ ਵੱਲ ਖਿੱਚ ਰਿਹਾ ਹੈ।

ਐਸ.ਐਨ.ਸੀ. ਲਾਵ੍ਹਲਿਨ ਦੀ ਹਾਰ ਨੂੰ ਪੂਰੀ ਤਰ੍ਹਾਂ ਅਯੋਗ, ਜੋਡੀ ਵਿਲਸਨ ਨਾਲ ਭੁੱਲ ਨਾ ਕਰੀਏ, ਕਾਨੂੰਨ ਦੇ ਜ਼ਰੀਏ ਭਾਸ਼ਣ ਦੇਣ ਵਾਲੀ ਭਾਸ਼ਣ ਦਾ ਇੱਕ ਬਿਲ ਪਾਸ ਕਰਦੇ ਹੋਏ, ਦੇਸ਼ ਦੇ ਸਭ ਤੋਂ ਉੱਚਿਤ ਵਿਦਵਾਨ ਨਾਗਰਿਕਾਂ ਦਾ ਅਨੁਸਰਣ ਕਰਦੇ ਰਹੇ। ਉਨ੍ਹਾਂ ਦੇ ਅਧਿਕਾਰਾਂ ਨੂੰ ਹੋਰ ਭਟਕਾਉਂਦੇ ਰਹੇ। ਇੱਥੇ ਹੋਣ ਵਾਲੀਆਂ ਕੋਈ ਵੀ ਘਟਨਾਵਾਂ, ਬਲਕਿ ਅੰਤਰਰਾਸ਼ਟਰੀ ਪ੍ਰੋਗਰਾਮਾਂ ਦਾ ਪ੍ਰਤੀਕ੍ਰਿਆਵਾਦੀ ਹੁੰਗਾਰਾ - ਹੋਰ ਗੰਭੀਰ ਮੁੱਦਿਆਂ ਦੇ ਨਾਲ-ਨਾਲ ਸਰਕਾਰ ਦੇ ਆਪਣੇ ਅੰਕੜਿਆਂ ਦੀ ਥੋਕ ਨੂੰ ਨਜ਼ਰ ਅੰਦਾਜ਼ ਕਰਨਾ ਦੇ ਬਰਾਬਰ ਹੈ ਰਿਹਾ ਹੈ।

ਜਸਟਿਨ ਟਰੂਡੋ 'ਚ ਆਪਣੇ ਗੁਣਾਂ ਦੀ ਇਕ ਵੱਖਰੀ ਘਾਟ ਦਿਖਾਈ ਦਿੰਦੀ ਹੈ ਜੋ ਉਸ ਦੇ ਪਿਤਾ 'ਚ ਸੀ ਤੇ ਜਿਸ ਨੇ ਉਸ ਨੂੰ ਇਕ ਮਹਾਨ ਰਾਜਨੇਤਾ ਬਣਾਇਆ ਸੀ ।

ਜਿਵੇਂ ਕਿ ਦੂਜੀਆਂ ਪਾਰਟੀਆਂ ਦੀ ਗੱਲ ਕਰੀਏ ਤਾਂ ਗ੍ਰੀਨ ਪਾਰਟੀ ਵਿਚਾਰਧਾਰਾਵਾਂ ਨਾਲ ਭਰੀ ਇਕੋ ਮੰਚ ਪਾਰਟੀ ਹੈ, ਜਦੋਂ ਕਿ ਐਨ ਡੀ ਪੀ, ਕੁਝ ਕ੍ਰਿਸ਼ਮਾ ਨਾਲ ਨੇਤਾ ਹੋਣ ਦੇ ਬਾਵਜੂਦ, ਇੱਕ ਗੰਭੀਰ ਦਾਅਵੇਦਾਰ ਬਣਨ ਲਈ ਬਹੁਤ ਖੱਬੇ ਪੱਖੀ ਨੀਤੀ ਅਨੁਸਾਰ ਹੈ। ਇਹ ਦੋਵੇਂ ਪਾਰਟੀਆਂ ਕੰਸਰਵੇਟਿਵ ਅਤੇ ਲਿਬਰਲ ਦੀਆਂ ਵੋਟਾਂ ਜਰੂਰ ਤੋੜਨਗੀਆ

ਟੋਰੀ ਇਸ ਸਮੇਂ ਸਖ਼ਤ ਮਿਹਨਤ ਕਰਦੇ ਦਿਖਾਈ ਦੇ ਰਹੇ ਹਨ. ਸਿਰਫ ਇਕ ਹੀ ਹਨੇਰਾ ਘੋੜਾ ਜੋ ਕਿ ਕੰਮ ਵਿਚ ਵਿਗਾੜ ਪਾ ਸਕਦਾ ਹੈ ਬਰਨੀਅਰ ਦੀ ਪੀਪਲਜ਼ ਪਾਰਟੀ ਆਫ ਕੈਨੇਡਾ ਹੈ. ਸੁਤੰਤਰ ਧਿਰ ਵਜੋਂ,ਜਿਵੇਂ ਕਿ ਕੁਝ ਦਾਅਵਾ ਕਰਦੇ ਹਨ - ਪਰੰਤੂ ਵਰਤਮਾਨ ਵਿੱਚ ਉਨ੍ਹਾਂ ਦੀ ਪਹੁੰਚ ਨਹੀਂ ਹੈ ਪਰ ਪਾਰਟੀ ਨੂੰ ਉਚ ਪੱਧਰ ਤੇ ਲੈ ਕੇ ਜਾਣ ਲਈ ਸਮੇਂ ਦੀ ਮੰਗ ਕਰਦਾ ਹੈ,ਇਸ ਸਮੇ ਇਹ ਵੋਟਾਂ ਤੋੜਨ ਤੱਕ ਸੀਮਿਤ ਰਹੇਗੀ ਇਸ ਤੋਂ ਵੱਧ ਹੋਰ ਕੁਝ ਨਹੀਂ। ਜਿਵੇਂ ਹਰ ਰੋਜ਼ ਕੈਨੇਡੀਅਨ ਆਪਣੇ ਮਨ ਬਦਲ ਰਹੇ ਹਨ, ਜੇਕਰ ਉਹ ਕਾਫ਼ੀ ਸੀਟਾਂ ਹਾਂਸਿਲ ਕਰ ਲੈਂਦੇ ਹਨ ਤੇ ਦੂਜੀ ਜਾਂ ਤੀਜੇ ਸਥਾਨ ਦਾ ਮੁਕਾਮ ਪਾਰਲੀਮੈਂਟ ਵਿਚ ਹਾਂਸਿਲ ਕਰ ਲੈਣਗੇ। ਜੋ ਅਗਲੀਆਂ ਵੋਟਾਂ ਵਿਚ ਸਖ਼ਤ ਟੱਕਰ ਦੇਣ ਯੋਗ ਹੋ ਜਾਣਗੇ । ਪਰ ਇਹ ਸਭ ਕੈਨੇਡੀਅਨਾਂ ਤੇ ਨਿਰਭਰ ਕਰਦਾ ਹੈ ਜਿਸ ਦਾ ਸਾਨੂੰ ਸਭ ਨੂੰ 21 ਅਕਤੂਬਰ ਵੋਟਾਂ ਵਾਲੇ ਦਿਨ ਹੀ ਪਤਾ ਲੱਗੇਗਾ ਕਿ ਕੈਨੇਡੀਅਨਾਂ ਨੇ ਕਿਸ ਨੂੰ ਰਾਜਾ ਤੇ ਕਿਸ ਨੂੰ ਰੰਕ ਦਾ ਖਿਤਾਬ ਦੇਣਾ ਹੈ।

ਕੈਨੇਡੀਅਨਾਂ ਨੇ ਜਾਲ ਤੇ ਵਿਛਾਣੇ ਸ਼ੁਰੂ ਕਰ ਦਿੱਤੇ ਜੋ ਵੀ ਮੱਛੇ ਮੱਛੀਆਂ ਤਲਾਬ ਨੂੰ ਗੰਧਲਾ ਕਰ ਚੁਕਿਆਂ ਹਨ ਉਹਨਾਂ ਨੂੰ ਬਾਹਰ ਕੱਢਣ ਲਈ, ਪਰ ਕਿਸ ਕਿਸ ਦੀ ਕਿਸਤ ਕੀ ਕਿਧੇ ਤੱਕ ਸਾਥ ਦਿੰਦੀ ਹੈ ਉਸ ਲਈ ਦੋ ਹਫਤੇ ਤੱਕ ਦਾ ਇੰਤਜ਼ਾਰ ਕਰਨਾ ਪਏਗਾ।

## ਐਲਜੀਬੀਟੀਕਿਊ ਕੈਨੇਡੀਅਨਾਂ ਦੀ ਹਿਫਾਜ਼ਤ ਲਈ ਲਿਆਂਦੇ ਜਾਣ ਵਾਲੇ ਬਿੱਲ ਦਾ ਸਮਰਥਨ ਕਰਾਂਗੇ : ਸ਼ੀਅਰ

...ਪੰਨਾ 1 ਦਾ ਬਾਕੀ


ਇਹ ਪੁੱਛੇ ਜਾਣ ਉੱਤੇ ਕਿ ਇਸ ਵਿੱਚ ਕਨਵਰਜ਼ਨ ਥੈਰੇਪੀ ਉੱਤੇ ਪਾਬੰਦੀ ਵੀ ਸ਼ਾਮਲ ਹੋਵੇਗੀ ਤਾਂ ਸ਼ੀਅਰ ਨੇ ਆਖਿਆ ਕਿ ਉਹ ਅਜਿਹੇ ਕਾਨੂੰਨ ਦਾ ਪ੍ਰਸਤਾਵ ਰੱਖਣਗੇ ਜਿਹੜੇ ਐਲਜੀਬੀਟੀਕਿਊ ਕੈਨੇਡੀਅਨਾਂ ਦੇ ਅਧਿਕਾਰਾਂ ਦੀ ਹਿਫਾਜ਼ਤ ਕਰਨ। ਉਨ੍ਹਾਂ ਇਸ ਸਬੰਧੀ ਹੋਰ ਵੇਰਵਾ ਨਹੀਂ ਦਿੱਤਾ।

ਕ੍ਰਿਮੀਨਲ ਕੋਡ ਅਤੇ ਹਿਊਮਨ ਰਾਈਟਸ ਐਕਟ ਪਹਿਲਾਂ ਹੀ ਜਿਨਸੀ ਝੁਕਾਅ ਦੇ ਆਧਾਰ ਉੱਤੇ ਪੱਖਪਾਤ ਜਾਂ ਨਫਰਤ ਉੱਤੇ ਰੋਕ ਲਾਉਂਦੇ ਹਨ। ਸ਼ੀਅਰ ਨੇ ਆਖਿਆ ਕਿ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਰੇ ਕੈਨੇਡੀਅਨਜ਼ ਬਿਨਾਂ ਕਿਸੇ ਡਰ ਜਾਂ ਭੈਅ ਦੇ ਆਪਣੀਆਂ ਜ਼ਿੰਦਗੀਆਂ ਜੀ ਸਕਣ। ਆਪਣੀ ਸਾਰੀ ਕੈਂਪੇਨ ਦੌਰਾਨ ਸ਼ੀਅਰ ਨੂੰ 2005 ਵਿੱਚ ਉਨ੍ਹਾਂ ਵੱਲੋਂ ਹਾਊਸ ਆਫ ਕਾਮਨਜ਼ ਵੱਚ ਸਮਲਿੰਗੀ ਵਿਆਹਾਂ ਦੇ ਖਿਲਾਫ ਦਿੱਤੇ ਭਾਸ਼ਣ ਸਬੰਧੀ ਸਵਾਲ ਪੁੱਛੇ ਜਾਂਦੇ ਰਹੇ। ਪਰ ਉਨ੍ਹਾਂ ਅਜੇ ਤੱਕ ਇਸ ਸਬੰਧ ਵਿੱਚ ਕੋਈ ਮੁਆਫੀ ਨਹੀਂ ਮੰਗੀ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮਸਲਾ ਹੱਲ ਹੋ ਚੁੱਕਿਆ ਹੈ ਤੇ ਉਹ ਅੱਗੇ ਵੱਧ ਚੁੱਕੇ ਹਨ। ਹਾਲਾਂਕਿ ਉਨ੍ਹਾਂ ਕਿਸੇ ਵੀ ਪ੍ਰਾਈਡ ਪਰੇਡ ਵਿੱਚ ਹਿੱਸਾ ਲੈਣ ਦੀ ਆਪਣੀ ਯੋਜਨਾ ਦਾ ਖੁਲਾਸਾ ਨਹੀਂ ਕੀਤਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਐਤਵਾਰ ਨੂੰ ਐਨਡੀਪੀ ਵੱਲੋਂ ਵੀ ਕਨਵਰਜ਼ਨ ਥੈਰੇਪੀ ਉੱਤੇ ਰੋਕ ਦਾ ਤਹੱਈਆ ਪ੍ਰਗਟਾਇਆ ਗਿਆ। ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਲੰਮੇਂ ਸਮੇਂ ਤੋਂ ਇਸ ਪਾਬੰਦੀ ਲਈ ਜ਼ੋਰ ਲਾ ਰਹੀ ਹੈ। ਉਨ੍ਹਾਂ ਲਿਬਰਲਾਂ ਉੱਤੇ ਇਸ ਮਾਮਲੇ ਵਿੱਚ ਜਲਦ ਕਾਰਵਾਈ ਨਾ ਕਰਨ ਦਾ ਦੋਸ਼ ਵੀ ਲਾਇਆ।

## ਟੋਰਾਂਟੋ ਦੇ ਮੇਅਰ ਨੇ ਚੀਨ ਦਾ ਝੰਡਾ ਚੁੱਕਣ ਦੀ ਰਸਮ ਦਾ ਕੀਤਾ ਬਾਈਕਾਟ

...ਪੰਨਾ 1 ਦਾ ਬਾਕੀ

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਚੀਨ ਦੀ ਟੈਲੀਕਾਮ ਐਗਜ਼ੈਕਟਿਵ ਮੈਂਗ ਵੈਨਜ਼ੋਊ ਨੂੰ ਦਸੰਬਰ ਵਿੱਚ ਅਮਰੀਕਾ ਦੀ ਬੇਨਤੀ ਉੱਤੇ ਵੈਨਕੂਵਰ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਸਮੇਂ ਤੋਂ ਹੀ ਦੋਵਾਂ ਮੁਲਕਾਂ ਦੇ ਸਬੰਧ ਤਣਾਅਪੂਰਣ ਬਣੇ ਹੋਏ ਹਨ। ਇਸ ਸਮੇਂ ਵੈਨਜ਼ੋਊ ਦੀ ਅਮਰੀਕਾ ਨੂੰ ਕੀਤੀ ਜਾਣ ਵਾਲੀ



ਹਵਾਲਗੀ ਦਾ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਹੈ।

ਇਸ ਮੌਕੇ ਮੇਅਰ ਟੋਰੀ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਦੋਵਾਂ ਮੁਲਕਾਂ ਦਰਮਿਆਨ ਚੱਲ ਰਹੇ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਉਹ ਕਾਫੀ ਪਰੇਸ਼ਾਨ ਹਨ ਤੇ ਉਨ੍ਹਾਂ ਨੂੰ ਆਸ ਹੈ ਕਿ ਨੇੜ ਭਵਿੱਖ ਵਿੱਚ ਇਸ ਸਬੰਧੀ ਜਲਦ ਹੀ ਕੋਈ ਰਾਹ ਲੱਭ ਲਿਆ ਜਾਵੇਗਾ।

## ਟਰੂਡੋ ਨਾਲੋਂ ਟੁੱਟ ਰਹੇ ਹਨ ਨੌਜਵਾਨ ਵੋਟਰਜ਼?

...ਪੰਨਾ 1 ਦਾ ਬਾਕੀ

ਐਨਡੀਪੀ ਆਗੂ ਜਗਮੀਤ ਸਿੰਘ ਨੂੰ ਨੌਜਵਾਨਾਂ ਵੱਲੋਂ ਦਿੱਤੇ ਜਾ ਰਹੇ ਸਮਰਥਨ ਵਿੱਚ ਵੀ ਇੱਕ ਫੀ ਸਦੀ ਪੁਆਇੰਟ ਦੇ ਅੱਠਵਾਂ ਹਿੱਸੇ ਜਿੰਨੀ ਗਿਰਾਵਟ ਦਰਜ ਕੀਤੀ ਗਈ ਹੈ।

ਨੈਨੋਜ਼ ਨੇ ਆਖਿਆ ਕਿ ਇਸ ਨੂੰ ਗ੍ਰੇਟਾਹ ਥਨਬਰਗ ਪ੍ਰਭਾਵ ਆਖਿਆ ਜਾ ਸਕਦਾ ਹੈ। ਇਸ ਗਿਰਾਵਟ ਦੇ ਬਾਵਜੂਦ ਟਰੂਡੋ ਦੀ ਨੌਜਵਾਨਾਂ ਵਿੱਚ ਹਰਮਨਪਿਆਰਤਾ ਵਿੱਚ ਕੋਈ ਫਰਕ ਨਹੀਂ ਆਇਆ ਹੈ। ਇਸ ਤੋਂ ਪਹਿਲਾਂ ਬਲੈਕਫੇਸ ਤੇ ਬ੍ਰਾਊਨਫੇਸ ਮਾਮਲੇ ਤੋਂ ਬਾਅਦ ਟਰੂਡੋ ਦੇ ਅਕਸ ਨੂੰ ਥੋੜ੍ਹੀ ਢਾਹ ਲੱਗੀ ਸੀ। ਜ਼ਿਕਰਯੋਗ ਹੈ ਕਿ ਲਿਬਰਲ ਆਗੂ ਨੇ ਸ਼ੁੱਕਰਵਾਰ ਨੂੰ ਥਨਬਰਗ ਨਾਲ ਉਸ ਸਮੇਂ ਮੁਲਾਕਾਤ ਕੀਤੀ ਸੀ ਜਦੋਂ ਉਹ ਕਲਾਈਮੇਟ ਚੇਂਜ ਸਬੰਧੀ ਮਾਂਟਰੀਅਲ ਵਿੱਚ ਮਾਰਚ ਉੱਤੇ ਸੀ। ਇਸ ਸਮੇਂ ਸੈਂਕੜੇ ਲੋਕ ਵੀ ਉਸ ਨਾਲ ਸਨ। 16 ਸਾਲਾਂ ਦੀ ਸਵੀਡਨ ਦੀ ਥਨਬਰਗ ਨੇ ਇਸ ਮੌਕੇ ਟਰੂਡੋ ਨੂੰ ਆਖਿਆ ਕਿ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਦੇ ਸਬੰਧ ਵਿੱਚ ਉਹ ਬਹੁਤਾ ਕੁੱਝ ਨਹੀਂ ਕਰ ਰਹੇ ਹਨ।

ਨੈਨੋਜ਼ ਨੇ ਆਖਿਆ ਕਿ ਥਨਬਰਗ ਦੇ ਮਾਂਟਰੀਅਲ ਵਾਲੇ ਮਾਰਚ ਤੋਂ ਸ਼ੀਅਰ ਨੇ ਖੁਦ ਨੂੰ ਦੂਰ ਹੀ ਰੱਖਿਆ। ਪਰ ਇਸ ਨਾਲ ਸ਼ੀਅਰ ਦੀ ਹਰਮਨ-ਪਿਆਰਤਾ ਵਿੱਚ ਕੋਈ ਫਰਕ ਨਹੀਂ ਆਇਆ। ਉਨ੍ਹਾਂ ਆਖਿਆ ਕਿ ਸਾਰੇ ਇਹ ਜਾਣਦੇ ਹਨ ਕਿ ਸ਼ੀਅਰ ਐਨਵਾਇਰਮੈਂਟ ਸਬੰਧੀ ਆਪਣੇ ਪਲੇਟਫਾਰਮ ਕਾਰਨ ਚੋਣਾਂ ਜਿੱਤਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਜੇ ਉਹ ਚੋਣਾਂ ਜਿੱਤਣਗੇ ਤਾਂ ਉਹ ਮੱਧ ਵਰਗ ਉੱਤੇ ਕੇਂਦਰਿਤ ਆਪਣੇ ਧਿਆਨ ਕਾਰਨ ਅਜਿਹਾ ਕਰਨਗੇ।

ਸਾਰੇ ਉਮਰ ਵਰਗ ਦੀ ਜੇ ਗੱਲ ਕੀਤੀ ਜਾਵੇ ਤਾਂ ਟਰੂਡੋ ਦੀ ਨਿਜੀ ਹਰਮਨ-ਪਿਆਰਤਾ ਤੇ ਸ਼ੀਅਰ ਦਰਮਿਆਨ ਮਾਮੂਲੀ ਫਰਕ ਰਹਿ ਗਿਆ ਹੈ। ਨੈਨੋਜ਼ ਵੱਲੋਂ ਕਰਵਾਏ ਗਏ ਇਸ ਤਾਜ਼ਾ ਸਰਵੇਖਣ ਵਿੱਚ 28.26 ਫੀ ਸਦੀ ਲੋਕ ਟਰੂਡੋ ਨੂੰ ਪ੍ਰਧਾਨ ਮੰਤਰੀ ਬਣਿਆ ਵੇਖਣਾ ਚਾਹੁੰਦੇ ਹਨ ਜਦਕਿ ਇਸ ਮਾਮਲੇ ਵਿੱਚ ਸ਼ੀਅਰ ਨੂੰ ਮਿਲਣ ਵਾਲਾ ਸਮਰਥਨ 27.99 ਫੀ ਸਦੀ ਹੈ। ਬਾਕੀ ਦੇ 18 ਫੀ ਸਦੀ ਵੋਟਰ ਅਜੇ ਆਪਣਾ ਮਨ ਨਹੀਂ ਬਣਾ ਪਾਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide 10:00PM to 11:00PM EST 7:00PM to 8:00PM PST
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com


GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# Growth of international students coming to Canada becomes human rights issue

September 30:- Many students from around the world decide to leave behind their lives in their home countries to begin a life in Canada. A large number of these students utilize this avenue as a fast-track for immigration. By doing so, they are able to attain Canadian education credentials, postgraduate work permits and job experience to increase their chances for permanent residence. In 2012, Conservative immigration minister, Jason Kenney implemented a fast-track foreign students for immigration.

According to Statics Canada, enrolments in Canadian public colleges and universities totaled 2,051,865 in 2016/2017, up 1.2% (+24,186) from the previous academic year. Also, enrolments of international students rose by 11.0% (+24,315), accounting for the increase in overall enrolments. Also while, there was a slight decline in the number of Canadian students (-912).

Each of these individuals are looking for the same thing and the same process. Coming to Canada, enrolling in a college, getting one-year work experience and apply for permanent residence. They were all promised approval of these steps by their agents in their home country.



These agents are charging large sums of money for the students to come to Canada. They are not considering other factors including accommodation and meals. Many of these students are living in subpar housing so they may keep a job to make the required money they need for school and their accommodations and even enough to send back to their families.

The number of international students being accepted into the country is alarming. As the increase has taken place recently, colleges are increasing instruction space for upwards of 1000 students and even tripling the size of the program. This revenue from international students has allowed for colleges to increase their capital investments to the existing location(s).

Videos have recently surfaced from landlords in and around the Brampton area that show the living conditions of the students. The bedrooms and bathrooms are filled with garbage including pizza boxes, cups and other food containers. These inhumane conditions need to be looked at by the schools and the respective governments.

Human rights violations that are being committed by all those involved in bringing the students to Canada without the infrastructure and housing required for these students. This is leading to inhumane living conditions for these students that have come here to attend school. At times, the agents that have sent the students from their home country are enrolled in private career colleges that are running 2 room locations without proper governance. The colleges are operating their school without looking at the accommodations required for these students. This is putting a burden on the neighborhoods around the schools with an increase of human living conditions that is resulting in violence, mental health issues, and crime.

Any immigration policy should not be used to forcibly change the cultural character and social fabric of our country. And it should not put excessive financial burdens on the shoulders of Canadians in the pursuit of humanitarian goals.

The primary aim of the People's Party's immigration policy is to economically benefit Canada and Canadians as a whole by reforming the immigration point system and the related programs to accept a larger proportion of economic immigrants with the right skills.

The People's Party will look at repurposing existing employer programs to encourage the employers, so these international students are provided opportunities in the Canadian workforce. The PPC also increase resources for CSIS, the RCMP and Canadian Immigration and Citizenship to do interviews and thorough background checks on all classes of immigrants.

## More information about the candidate:

BaljitBawa, is a technology professional, community Leader, academic, avid cricketer, and a dedicated community volunteer. In 2011, Bawa was awarded the, Top 25 Canadian Immigrant Award. Since arriving in Canada in 2000, he has since made a conscious effort to provide guidance to all newcomers in need of assistance and encourages them to be persistent and focused on making it in Canada. With Strong passion & vision to Build People's Party of Canada in building an inclusive & prosperous Canada thru national vision that puts people and families first.Bawa has been a strong advocate for affordability in Brampton and has committed himself to lowering income tax for Canadian's as a federal candidate in Brampton Centre with the People's Party of Canada.

# People's Party of Canada wants to abolish the Indian Act

September 30- Since Canada was created in 1867, the federal government has been in charge of aboriginal affairs and The Indian Act, was enacted in 1876 and has since been amended, allows the government to control most aspects of aboriginal life: Indian status, land, resources, wills, education, band administration and so on. The aboriginal population of Canada is extremely diversified that accounts for about 5% of Canada's population and comprises of First Nations, Inuit and Metis. There are more than 600 First Nations communities dispersed across the country. More than half of First Nations Canadians don't live on reserves.

Aboriginal issues are also very complex. Some communities are prosperous while others are much poorer than the Canadian average. Many suffer from acute social problems, including crime, domestic violence, substance abuse and suicide. Many don't have the basic services that we take for granted such as access to clean water. A pivotal need for human. There are other major issues to address regarding treaty negotiations, housing, property rights on reserves, etc. It is not possible to address more than a few of these issues in the context of this election platform.

Here is what a People's Party government would prioritize on the basis of its four key principles. Many injustices were committed in the past by the Canadian government towards aboriginals. We cannot rewrite the past. We can only seek the best way to live together harmoniously in the future. This relationship must be based on mutual respect and a balanced approach taking into account the needs of the aboriginal population and the interests of the Canadian population as a whole. A People's Party government will explore options to replace the paternalistic Indian Act, which keeps aboriginals in a state of dependency and allows the federal government to control most aspects of their lives, with a new legal framework that guarantees equal rights and responsibilities to aboriginal people as Canadians, and promotes the self-reliance of communities.

A People's Party government will respect our Constitution and treaties. It will reaffirm the federal government's power to approve natural resources and infrastructure projects, after adequate consultations with affected aboriginal groups, and in partnership with them to ensure they can benefit from these economic opportunities.

The lack of real private property on reserves is in part responsible for the poor state of housing and the social ills that derive from it, and is one of the greatest impediments to economic development. To work with these communities, a People's Party government will explore further avenues to promote the establishment of individual property rights on reserves so as to empower its residents, and give them increased control over their lives. Fairness demands that all Canadians benefit from roughly equivalent services wherever they live.

It's unacceptable that some aboriginal communities live in conditions that resemble those of third world countries. But the current model to solve these problems is based on top-down bureaucratic solutions imposed by Ottawa on dependent communities with no voice in the process. A People's Party government will insure that aboriginal communities take more ownership of the services they receive in partnership with Ottawa and other levels of government. Although Ottawa spends about $21 billion a year on aboriginal programs, there is little evidence that living conditions have been improving in aboriginal communities. The federal government and aboriginal administrations have a responsibility to ensure that taxpayers' money is well spent. A People's Party government will review federal spending to ensure that programs are better targeted to benefit the aboriginal population, in particular the communities that have the greatest needs.

Baljit Bawa, is a technology professional, community Leader, academic, avid Cricketer, and a dedicated community volunteer. In 2011, Baljit was awarded the, Top 25 Canadian Immigrant Award. He was awarded Strong supporter for encouraging Diversity & Inclusion. Lead the Brampton & Mississauga Mayors' Cricket Festivals in 2012. With Strong passion & vision to Build People's Party of Canada in building an inclusive & prosperous Canada thru national vision that puts people and families first.


NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street | BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street | BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ



- 1st class air-condition Transportation
- 4 Star Hotels
- Breakfast, lunch & Dinner

e-mail:surprisefares@rogers.com

- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ

ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ

Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg

| Hotel Package | |
|---|---|
| 7 Days............ CAD865 | |
| 9 Days............ CAD 965 | |

ਸੰਪਰਕ ਕਰੋ:416 926 8250
Security & First Aid will be provided!

208-1555 Kingston rd, Pickering L1V 0E9 | 103-100 Dynamic Drive Toronto M1V 5C4



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k Deposit Structure | $10,000 Submitted with offer<br>$10,000 Submitted 90 days after Offer Date<br>$20,000 Submitted 150 days after Offer Date |

Residential | Commercial | Investment

Jagdish Grewal
Sales Representative
(416) 970-5005
Office: 905-488-2100 Ext. 348



Century 21 President Realty Inc Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

# ਲੋਕਤੰਤਰ ਨਾਜ਼ੁਕ ਹੈ...

-ਕਰਣ ਥਾਪਰ

ਬੀ ਬੀ ਸੀ ਦਾ ਤਿੰਨ ਹਿੱਸਿਆਂ 'ਚ ਪ੍ਰਸਾਰਿਤ ਲੜੀਵਾਰ 'ਰਾਈਜ਼ ਆਫ ਨਾਜ਼ੀਜ਼' ਦੇਖਿਆ। ਇਸ ਦੀ ਸਮਾਪਤੀ ਲੰਡਨ ਵਿੱਚ ਬੀਤੇ ਸ਼ੁੱਕਰਵਾਰ ਹੋਈ ਅਤੇ ਬਿਨਾਂ ਸ਼ੱਕ ਬੀ ਬੀ ਸੀ ਵਰਲਡ ਛੇਤੀ ਹੀ ਇਸ ਨੂੰ ਸਾਡੇ ਲਈ ਵੀ ਲਿਆਏਗਾ। ਇਸ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਕਿਵੇਂ ਬੜੀ ਆਸਾਨੀ ਨਾਲ ਹਿਟਲਰ ਸੱਤਾ ਵਿੱਚ ਆ ਗਿਆ ਅਤੇ ਕਿਸ ਹੱਦ ਤੱਕ ਜਰਮਨ ਸੱਤਾ ਅਦਾਰੇ ਨੇ ਉਸ ਨੂੰ ਸਹੂਲਤਾਂ ਦਿੱਤੀਆਂ। ਇਹ ਰਾਸ਼ਟਰਵਾਦ ਦੀ ਚਿਤਾਵਨੀ ਹੈ।

ਹਿੰਡਨਬਰਗ ਰਾਸ਼ਟਰਪਤੀ ਸਨ ਅਤੇ ਵਾਨ ਸ਼ਲੀਸ਼ਰ ਅਤੇ ਵਾਨ ਪਾਪੇਨ ਉਨ੍ਹਾਂ ਤੋਂ ਛੇਤੀ ਬਾਅਦ ਬਣਨ ਵਾਲੇ ਚਾਂਸਲਰ ਸਨ। ਉਹ ਜਾਣਦੇ ਸਨ ਕਿ ਨਾਜ਼ੀ ਬਿਮਾਰ ਗਣਰਾਜ ਨੂੰ ਤਬਾਹ ਕਰ ਸਕਦੇ ਹਨ, ਪਰ ਭੋਲੇਪਣ ਨਾਲ ਉਨ੍ਹਾਂ ਨੇ ਸੋਚਿਆ ਕਿ ਉਹ ਉਸ ਚੀਜ਼ ਨਾਲ ਨਜਿੱਠਣ ਲਈ ਹਿਟਲਰ ਦਾ ਇਸਤੇਮਾਲ ਕਰ ਸਕਦੇ ਸਨ, ਜਿਸ ਨੂੰ ਉਹ ਬਹੁਤ ਵੱਡਾ ਖਤਰਾ ਸਮਝਦੇ ਸਨ, ਭਾਵ ਕਮਿਊਨਿਟਸਰ, ਪਰ ਅਫਸੋਸ ਕਿ ਉਨ੍ਹਾਂ ਨੂੰ ਹਿਟਲਰ ਦੀ ਖਿੱਚ ਦਾ ਕੋਈ ਅੰਦਾਜ਼ਾ ਨਹੀ ਸੀ। ਹਿਟਲਰ ਦੇ ਜਰਮਨੀ ਨੂੰ ਮੁੜ ਮਹਾਨ ਬਣਾਉਣ ਤੇ ਉਸ ਦੀ ਤਬਾਹ ਹੋਈ ਅਰਥ ਵਿਵਸਥਾ ਨੂੰ ਦਰੁੱਸਤ ਕਰਨ ਦੇ ਵਾਅਦੇ ਨੇ ਉਸ ਨੂੰ ਇੱਕ ਤਰ੍ਹਾਂ ਨਾਲ ਜਰਮਨ ਲੋਕਾਂ ਦਾ ਬਚਾਅ ਕਰਤਾ ਬਣਾ ਦਿੱਤਾ। ਇਸ ਨਾਲ ਉਹ ਵਿਰੋਧੀਆਂ ਨਾਲ ਬੇਰਹਿਮੀ ਨਾਲ ਪੇਸ਼ ਆਇਆ।




ਜਨਵਰੀ 1933 'ਚ ਵਾਨ ਪਾਪੇਨ ਦੇ ਅਹੁਦਾ ਛੱਡਣ ਅਤੇ ਉਸ ਦੇ ਡਿਪਟੀ ਬਣਨ ਦੇ ਲਈ ਸਹਿਮਤੀ ਹੋਣ ਪਿੱਛੋਂ ਹਿਟਲਰ ਚਾਂਸਲਰ ਬਣ ਗਿਆ ਅਤੇ ਅਗਲੇ ਛੇ ਮਹੀਨਿਆਂ ਵਿੱਚ ਜਰਮਨੀ ਤੇਜ਼ੀ ਨਾਲ ਬਦਲਿਆ। ਪਹਿਲਾਂ ਫਰਵਰੀ ਵਿੱਚ ਹਿੰਡਨਬਰਗ ਹਿਟਲਰ ਦੀ 'ਰੀਚਸਟੈਗ ਡਿਕਰੀ' ਨਾਲ ਸਹਿਮਤ ਹੋ ਗਏ, ਜਿਸ ਦੇ ਤਹਿਤ ਨਾਜ਼ੀਆਂ ਨੂੰ ਕਿਸੇ ਨੂੰ ਵੀ ਬਿਨਾਂ ਦੋਸ਼ ਦੇ ਗ੍ਰਿਫਤਾਰ ਕਰਨ ਅਤੇ ਜੇਲ੍ਹ 'ਚ ਡੱਕਣ, ਸ਼ਹਿਰੀ, ਆਜ਼ਾਦੀ, ਭਾਸ਼ਣ ਦੀ ਆਜ਼ਾਦੀ ਅਤੇ ਮੁਜ਼ਾਹਰੇ ਕਰਨ ਦੇ ਅਧਿਕਾਰ 'ਤੇ ਰੋਕ ਲਾਉਣ ਦੀਆਂ ਹੰਗਾਮੀ ਤਾਕਤਾਂ ਮਿਲ ਗਈਆਂ।

ਕੁਝ ਹੀ ਹਫਤਿਆਂ 'ਚ 25 ਹਜ਼ਾਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫਿਰ 23 ਮਾਰਚ ਨੂੰ ਰੀਚਸਟੈਗ ਨੇ ਐਨੇਬਲਿੰਗ ਐਕਟ ਪਾਸ ਕਰ ਦਿੱਤਾ। ਲੋਕਤੰਤਰ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਹਿਟਲਰ ਪਾਰਲੀਮੈਂਟ ਦੀ ਮਨਜ਼ੂਰੀ ਤੋਂ ਬਿਨਾਂ ਰਾਜ ਕਰ ਸਕਦਾ ਸੀ, ਫਿਰ ਵੀ ਇਸ ਸਭ ਦੌਰਾਨ ਹਿੰਡਨਬਰਗ, ਵਾਨ ਸ਼ਲੀਸ਼ਰ ਅਤੇ ਵਾਨ ਪਾਪੇਨ ਨੇ ਸੋਚਿਆ ਕਿ ਹਿਟਲਰ ਉਨ੍ਹਾਂ ਦਾ ਬੰਦਾ ਹੈ ਅਤੇ ਉਨ੍ਹਾਂ ਦੇ ਕਹੇ ਮੁਤਾਬਕ ਕੰਮ ਕਰੇਗਾ। ਉਦੋਂ ਸ਼ੁਤਜ ਸਟਾਫੇਲ (ਐੱਸ ਐੱਸ) ਪ੍ਰਮੁੱਖ ਹੀਨਰਿਚ ਹਿਮਲਰ ਬ੍ਰਾਬੀਆ ਵਿੱਚ ਲੁਕਿਆ ਹੋਇਆ ਸੀ। ਉਸ ਦਾ ਸੰਗਠਨ ਖੁਦ ਨੂੰ ਹਿਟਲਰ ਦੇ ਸਭ ਤੋਂ ਵਫਾਦਾਰ ਸੈਨਿਕਾਂ 'ਚੋਂ ਇੱਕ ਵਜੋਂ ਦੇਖਦਾ ਸੀ। ਇਹ ਸੰਗਠਨ ਯਹੂਦੀ ਵਿਰੋਧੀ, ਸਾਮਵਾਦ ਵਿਰੋਧੀ ਅਤੇ ਲੋਕਤੰਤਰ ਵਿਰੋਧੀ ਸੀ। ਉਨ੍ਹਾਂ ਨੇ ਨਾਜ਼ੀਆ ਦੇ ਵਿਰੋਧੀਆਂ ਨੂੰ ਗ੍ਰਿਫਤਾਰ ਕਰਨ ਲਈ 'ਪ੍ਰੋਟੈਕਟਿਵ ਪਾਲਿਸੀ ਕਸਟਡੀ' ਦਾ ਕੰਸੈਪਟ ਬਣਾਇਆ ਤੇ ਲੱਖਾਂ ਲੋਕਾਂ ਨੂੰ ਅਦਾਲਤ ਤੱਕ ਪਹੁੰਚੇ ਬਿਨਾਂ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ। ਕੈਦੀਆਂ ਨੂੰ ਮੁੜ ਸਿਖਿਅਤ ਕਰਨ ਦੇ ਲਈ ਪਹਿਲਾ ਇਕਾਗਰਤਾ ਕੈਂਪ ਦਾਚਾਊ ਵਿੱਚ ਸਥਾਪਤ ਕੀਤਾ ਗਿਆ।

ਹਿਮਲਰ ਜਰਮਨੀ ਵਿੱਚ ਕਈ ਰਾਜਾਂ ਨੂੰ ਐੱਸ ਐੱਸ ਦੇ ਕੰਟਰੋਲ ਹੇਠ ਲੈ ਆਇਆ ਤੇ ਆਪਣੇ ਸੰਗਠਨ ਨੂੰ ਨਾਜ਼ੀ ਰਾਸ਼ਟਰ ਦੇ ਸਭ ਤੋਂ ਵੱਧ ਤਾਕਤਵਰ ਅਦਾਰਿਆਂ 'ਚੋਂ ਇੱਕ ਬਣਾ ਦਿੱਤਾ। ਉਹ ਇਹ ਵੀ ਜਾਣਦਾ ਸੀ ਕਿ ਹਿਟਲਰ ਦੀ ਸ਼ਖਸੀਅਤ ਨੂੰ ਕਿਵੇਂ ਪੜ੍ਹਨਾ ਹੈ ਤੇ ਉਸ ਦੀਆਂ ਨਿਆਇਕ, ਨੌਕਰਸ਼ਾਹੀ ਮਜਬੂਰੀਆਂ ਅਤੇ ਉਸ ਦੇ ਕਤਲ ਕੀਤੇ ਜਾਣ ਦੇ ਡਰ ਨਾਲ ਖੇਡਦੇ ਹੋਏ ਖੁਦ ਨੂੰ ਕਿਵੇਂ ਲਾਜ਼ਮੀ (ਨਾ ਟਾਲਿਆ ਜਾਣ ਵਾਲਾ) ਬਣਾਉਣਾ ਹੈ।

ਜੋ ਹੋ ਰਿਹਾ ਸੀ, ਉਸ ਨੂੰ ਪਲਟਣ ਲਈ ਜਰਮਨ ਪ੍ਰਣਾਲੀ 'ਚ ਬਹੁਤ ਸਾਰੇ ਮੌਕੇ ਸਨ। ਉਦੋਂ ਇਹ ਸਮਾਂ ਸੀ, ਜਦੋਂ ਇਤਿਹਾਸ ਅੱਧ ਵਿਚਾਲੇ ਲਟਕਿਆ ਹੋਇਆ ਸੀ, ਪਰ ਸਤਾ ਅਦਾਰਾ ਇਸ 'ਤੇ ਪ੍ਰਤੀਕਿਰਿਆ ਦੇਣ ਵਿੱਚ ਨਾਕਾਮ ਰਿਹਾ। ਹਾਂਸ ਲਿਟੇਨ ਨਾਮੀ ਵਕੀਲ ਨੇ ਅੱਤਿਆਚਾਰੀ ਸਟਾਰਮ ਟਰੂਪਰ ਵਿਰੁੱਧ ਪਟੀਸ਼ਨ ਦਾਇਰ ਕੀਤੀ, ਪਰ ਅਦਾਲਤ ਨੇ ਉਸ ਦਾ ਸਾਥ ਨਹੀਂ ਦਿੱਤਾ। ਫਿਰ ਡਿਪਟੀ ਨੈਸ਼ਨਲ ਪ੍ਰਾਸੀਕਿਊਟਰ ਜੋਸਫ ਹਾਰਟਿੰਜ਼ਰ ਨੂੰ ਦਾਚਾਊ ਦੀ ਸੱਚਾਈ ਦਾ ਪਤਾ ਲੱਗਾ, ਪਰ ਉਸ ਦੇ ਆਕਿਆਂ ਨੇ ਉਸ ਦੀ ਗੱਲ ਨਹੀਂ ਸੁਣੀ।

ਹਰ ਮੋੜ ਉੱਤੇ ਸਿਸਟਮ ਨੇ ਹਿਟਲਰ ਨੂੰ ਸ਼ੱਕ ਦਾ ਲਾਭ ਦਿੱਤਾ ਜਾਂ ਇੰਝ ਕਹਿ ਲਓ ਕਿ ਜਾਣਬੁੱਝ ਕੇ ਅਣਡਿੱਠ ਕੀਤਾ। ਆਖਰ 180 ਦਿਨਾਂ ਵਿੱਚ ਹਿਟਲਰ ਨੇ ਵਿਰੋਧੀ ਧਿਰ ਨੂੰ ਬਰਬਾਦ ਕਰ ਦਿੱਤਾ, ਨਿਆਂ ਪ੍ਰਣਾਲੀ ਨੂੰ ਪਲਟ ਦਿੱਤਾ, ਨਾਜ਼ੀ ਪਾਰਟੀ ਦੀ ਖੁਫੀਆ ਪੁਲਸ ਦਾ ਗਠਨ ਕੀਤਾ, ਐਸ ਐਸ ਦਾ ਵਿਸਥਾਰ ਕੀਤਾ, ਦਾਚਾਊ ਨੂੰ ਖੋਲ੍ਹਿਆ ਅਤੇ ਨਾਜ਼ੀ ਰਾਸ਼ਟਰਵਾਦ ਨਾਲ ਜਰਮਨ ਲੋਕਾਂ ਨਾਲ ਧੋਖਾ ਕੀਤਾ।


ਰਾਸ਼ਟਰਪਤੀ ਵਜੋਂ ਹਿੰਡਨਬਰਗ ਹੀ ਇੱਕੋ-ਇੱਕ ਉਹ ਵਿਅਕਤੀ ਸੀ, ਜਿਸ ਕੋਲ ਹਿਟਲਰ ਨੂੰ ਹਟਾਉਣ ਦੇ ਲਈ ਤਾਕਤ ਸੀ, ਪਰ ਇਸ ਦੀ ਥਾਂ ਉਹ ਹਿਟਲਰ ਦੇ ਜਾਲ ਵਿੱਚ ਫਸ ਗਿਆ। 1934 'ਚ ਉਸ ਦੀ ਮੌਤ ਹੋ ਗਈ ਅਤੇ ਵਾਨ ਸ਼ਲੀਸ਼ਰ ਤੇ ਵਾਨ ਪਾਪੇਨ ਨੂੰ ਮਾਰ ਦਿੱਤਾ ਗਿਆ। ਹਿਟਲਰ ਨੇ ਆਪਣੀ ਕੈਬਨਿਟ ਦੇ ਮੈਂਬਰਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਇੱਕ ਪਾਰਟੀ ਵਿੱਚ ਸੱਦ ਕੇ 'ਨਾਈਟ ਆਫ ਦਿ ਲਾਂਗ ਨਾਈਵਜ਼' ਦਾ ਜਸ਼ਨ ਮਨਾਇਆ। ਪਾਰਟੀ ਵਿੱਚ ਸ਼ੈਂਪੇਨ ਪਰੋਸੀ ਗਈ ਅਤੇ ਹਰ ਕਿਸੇ ਨੇ ਇੰਝ ਵਰਤਾਓ ਕੀਤਾ, ਜਿਵੇਂ ਇੱਕ ਦਿਨ ਪਹਿਲਾਂ ਕੁਝ ਵੀ ਨਾ ਹੋਇਆ ਹੋਵੇ। ਫਿਰ ਸਮੁੱਚਾ ਕੰਟਰੋਲ ਹਿਟਲਰ ਦੇ ਹੱਥ ਵਿੱਚ ਸੀ। ਉਸ ਨੇ ਆਪਣੀ ਤਾਨਾਸ਼ਾਹੀ 'ਚ ਫੁਸਲਾਉਣ, ਮਜਬੂਰ ਕਰਨ ਅਤੇ ਹੇਰਫੇਰ ਕਰਨ ਵਰਗੇ ਤਰੀਕਿਆਂ ਨੂੰ ਸ਼ਾਮਲ ਕੀਤਾ, ਜਦੋਂ ਕਿ ਜੋ ਲੋਕ ਉਸ ਨੂੰ ਰੋਕ ਸਕਦੇ ਸਨ, ਉਹ ਲਾਚਾਰ ਬਣੇ ਦੇਖਦੇ ਰਹੇ।

ਮੇਰਾ ਅੰਦਾਜ਼ਾ ਹੈ ਕਿ ਬੀ ਬੀ ਸੀ ਦਾ ਇਰਾਦਾ ਇਹ ਦਿਖਾਉਣ ਦਾ ਸੀ ਕਿ ਕਿਵੇਂ ਆਸਾਨੀ ਨਾਲ ਨਾਜ਼ੀ ਉਭਰੇ। ਇਸ ਨੂੰ ਕੰਟਰੋਲ ਕੀਤਾ ਜਾ ਸਕਦਾ ਸੀ। ਇਸ ਬਾਰੇ ਚਿਤਾਵਨੀ ਦੇ ਵੀ ਬਹੁਤ ਸਾਰੇ ਸੰਕੇਤ ਸਨ, ਬੱਸ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਲਈ ਇਹ ਕਹਾਣੀ ਮੁੜ ਦੱਸੇ ਜਾਣ ਦੇ ਯੋਗ ਹੈ। ਲੋਕਤੰਤਰ ਨਾਜ਼ੁਕ ਹੈ, ਖੁੱਲ੍ਹਾ ਅਤੇ ਸਮੇਕਿਤ ਹੋਣ ਲਈ ਇਹ ਖੁਦ ਨੂੰ ਲੋਕਤੰਤਰ ਵਿਰੋਧੀ ਤਾਕਤਾਂ ਵੱਲੋਂ ਕੰਟਰੋਲ ਕਰ ਲੈਣ ਪ੍ਰਤੀ ਜੋਖਮ ਭਰਪੂਰ ਬਣਾ ਲੈਂਦਾ ਹੈ। ਇਸ ਕਾਰਨ ਲੋਕਤੰਤਰ 'ਤੇ ਕਦੇ ਵੀ ਪੂਰਾ ਭਰੋਸਾ ਨਹੀਂ ਕੀਤਾ ਜਾ ਸਕਦਾ ਅਤੇ ਇਸ ਨੂੰ ਸਖਤ ਸੁਰੱਖਿਆ ਦੀ ਲੋੜ ਹੁੰਦੀ ਹੈ।

ਤੀਜੀ ਕੜੀ ਦੇ ਅਖੀਰ 'ਚ ਜਦੋਂ ਸਕਰੀਨ ਕਾਲੀ ਹੋ ਗਈ ਅਤੇ ਪਾਤਰਾਂ ਦੇ ਨਾਂਅ ਚੱਲਣੇ ਸ਼ੁਰੂ ਹੋਏ ਤਾਂ ਮੇਰੇ ਮਨ ਵਿੱਚ ਸਿਰਫ ਇੱਕ ਵਿਚਾਰ ਸੀ ਕਿ ਜੇ ਇਹ ਜਰਮਨੀ ਨਾਲ ਇੰਨੀ ਆਸਾਨੀ ਨਾਲ ਹੋ ਸਕਿਆ ਤਾਂ...।

# ਅੱਤਵਾਦ ਦੀ ਪਰਿਭਾਸ਼ਾ ਬਾਰੇ ਦੁਨੀਆਂ ਇਕਮਤ ਨਹੀਂ

-ਆਕਾਰ ਪਟੇਲ-



ਚੇ ਗੁਵੇਰਾ ਸਰਹੱਦ ਪਾਰ ਅੱਤਵਾਦੀ ਸੀ। ਉਹ ਇੱਕ ਡਾਕਟਰ ਸੀ, ਜਿਸ ਨੂੰ ਅੱਜ ਦੁਨੀਆ ਦੇ ਲੋਕ ਆਦਰਸ਼ ਇਨਕਲਾਬੀ ਮੰਨਦੇ ਹਨ। ਸਾਲ 1959 'ਚ 31 ਸਾਲ ਦੀ ਉਮਰ ਵਿੱਚ ਚੇ ਭਾਰਤ ਆਇਆ ਅਤੇ ਉਸ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਦਿੱਲੀ ਵਿੱਚ ਉਨ੍ਹਾਂ ਦੇ ਘਰ 'ਚ ਰਾਤਰੀ ਭੋਜ ਕੀਤਾ। ਉਸ ਨੇ ਦੋ ਕਿਤਾਬਾਂ ਲਿਖੀਆਂ, ਜੋ ਕਾਫੀ ਮਸ਼ਹੂਰ ਹਨ, ਇਨ੍ਹਾਂ ਵਿੱਚੋਂ ਇੱਕ ਦਾ ਨਾਂਅ 'ਬੋਲੀਵੀਆ ਡਾਇਰੀ' ਅਤੇ ਦੂਸਰੀ ਦਾ ਨਾਂਅ 'ਮੋਟਰ ਸਾਈਕਲ ਡਾਇਰੀਜ਼' (ਜਿਸ ਦੇ ਉਪਰ 2004 ਵਿੱਚ ਐਵਾਰਡ ਵਿਨਰ ਫਿਲਮ ਬਣੀ) ਹੈ।

ਚੇ ਦੀ ਪ੍ਰਸਿੱਧੀ ਉਨ੍ਹਾਂ ਦੀ ਇਸ ਇੱਛਾ ਕਾਰਨ ਹੋਈ ਕਿ ਉਹ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਹਿੰਸਕ ਮਾਧਿਅਮਾਂ ਦੀ ਵਰਤੋਂ ਕਰਨਾ ਚਾਹੁੰਦੇ ਸਨ। ਚੇ ਅਰਜਨਟੀਨਾ ਦਾ ਵਾਸੀ ਸੀ, ਪਰ ਬਤਿਸਰਾ ਦੀ ਸਰਕਾਰ ਵਿਰੁੱਧ ਫਿਦੇਲ ਕਾਸਟਰੋ ਦਾ ਗ੍ਰਹਿ ਯੁੱਧ ਲੜਨ ਲਈ ਉਹ ਕਿਊਬਾ ਗਿਆ। ਉਸ ਤੋਂ ਬਾਅਦ ਬੈਰਿੰਟੋਸ ਦੀ ਸਰਕਾਰ ਵਿਰੁੱਧ ਗੁਰਿੱਲਾ ਜੰਗ ਲੜਨ ਲਈ ਉਹ ਬੋਲੀਵੀਆ ਗਿਆ। ਚੇ ਦੀ ਆਪਣੀ ਕਿਤਾਬ ਵਿੱਚ ਲਿਖੀ ਘਟਨਾ ਅਨੁਸਾਰ ਇਥੇ ਉਸ ਨੇ ਤੇ ਉਸ ਦੇ ਲੋਕਾਂ ਨੇ ਕਈ ਫੌਜੀਆਂ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ। 1967 'ਚ 39 ਸਾਲ ਦੀ ਉਮਰ ਵਿੱਚ ਫੌਜ ਵੱਲੋਂ ਚੇ ਗੇਵਾਰਾ ਨੂੰ ਗ੍ਰਿਫਤਾਰ ਕਰ ਕੇ ਮਾਰ ਦਿੱਤਾ ਗਿਆ।

ਜਾਰਜ ਓਰਵੈਲ ਸਰਹੱਦ ਪਾਰ ਅੱਤਵਾਦੀ ਸੀ। ਉਸ ਦਾ ਜਨਮ ਬਿਹਾਰ ਦੇ ਮੋਤੀਹਾਰੀ 'ਚ ਹੋਇਆ ਸੀ। ਉਹ ਇੱਕ ਪੁਲਸ ਅਧਿਕਾਰੀ ਸੀ। ਸਰਕਾਰੀ ਸੇਵਾ ਤੋਂ ਬਾਅਦ ਉਸ ਨੇ ਕਈ ਕਿਤਾਬਾਂ ਲਿਖੀਆਂ, ਜਿਸ ਨਾਲ ਉਹ ਇਤਿਹਾਸ ਦੇ ਸਭ ਤੋਂ ਪ੍ਰਭਾਵਸ਼ਾਲੀ ਲੇਖਕਾਂ 'ਚੋਂ ਇੱਕ ਬਣ ਗਿਆ। ਉਸ ਦੀਆਂ ਕਿਤਾਬਾਂ ਵਿੱਚ '1984' ਅਤੇ 'ਐਨੀਮਲ ਫਾਰਮ' ਸ਼ਾਮਲ ਹਨ। 'ਐਨੀਮਲ ਫਾਰਮ' ਨਾਂਅ ਦੀ ਕਿਤਾਬ ਦਾ ਜ਼ਿਕਰ ਕਾਰਗਿਲ ਜੰਗ ਦੌਰਾਨ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਕੀਤਾ ਸੀ, ਜਦੋਂ ਉਸ ਨੇ ਪਾਕਿਸਤਾਨ ਵੱਲੋਂ 'ਓਰਵਿਲੀਅਨ ਲੌਜਿਕ' ਦੀ ਵਰਤੋਂ ਕਰਨ ਬਾਰੇ ਗੱਲ ਕੀਤੀ ਸੀ। ਬਹੁਤ ਸਾਰੇ ਆਧੁਨਿਕ ਲੇਖਕ ਸਮੇਂ ਦੇ ਨਾਲ ਗੈਰ-ਪ੍ਰਸੰਗਿਕ ਹੋ ਜਾਂਦੇ ਹਨ, ਪਰ ਓਰਵੈਲ ਉਨ੍ਹਾਂ ਲੇਖਕਾਂ ਵਿੱਚੋਂ ਹਨ, ਜਿਨ੍ਹਾਂ ਦੀ ਸ਼ਲਾਘਾ ਅੱਜ ਵੀ ਕੀਤੀ ਜਾਂਦੀ ਹੈ। ਓਰਵੈਲ ਨੂੰ ਹਿੰਸਾ ਦੀ ਵਰਤੋਂ ਕਰਨ ਤੋਂ ਕੋਈ ਪ੍ਰਹੇਜ਼ ਨਹੀਂ ਸੀ। ਉਹ ਇੱਕ ਬ੍ਰਿਟਿਸ਼ ਨਾਗਰਿਕ ਸੀ, ਪਰ 1937 ਵਿੱਚ ਸਪੇਨ ਗਿਆ ਅਤੇ ਜਨਰਲ ਫਰੈਂਕੋ ਵਿਰੁੱਧ ਗ੍ਰਹਿ ਯੁੱਧ 'ਚ ਹਿੱਸਾ ਲਿਆ। ਓਰਵੈਲ ਨੇ ਆਪਣੇ ਤਜਰਬਿਆਂ ਬਾਰੇ ਇੱਕ ਕਿਤਾਬ ਲਿਖੀ, ਜਿਸ ਦਾ ਨਾਂਅ 'ਹੋਮੇਜ ਟੂ ਕੈਟਾਲੋਨੀਆ' ਸੀ, ਜਿਸ ਵਿੱਚ ਉਹ ਲਿਖਦਾ ਹੈ ਕਿ ਉਸ ਨੇ ਇੱਕ ਆਦਮੀ ਨੂੰ ਬੰਬ ਨਾਲ ਮਾਰਿਆ ਅਤੇ ਉਹ ਖੁਦ ਵੀ ਇੱਕ ਧਮਾਕੇ ਵਿੱਚ ਜ਼ਖਮੀ ਹੋ ਗਿਆ ਸੀ।

ਇਸ ਦੇ ਬਾਅਦ ਮੈਂ ਇਸ ਗੱਲ ਉੱਤੇ ਆਵਾਂ ਕਿ ਮੈਂ ਇਨ੍ਹਾਂ ਗੱਲਾਂ ਦਾ ਜ਼ਿਕਰ ਕਿਉਂ ਕਰ ਰਿਹਾ ਹਾਂ? ਸ਼ੁੱਕਰਵਾਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਯੂ ਐਨ ਜਨਰਲ ਅਸੈਂਬਲੀ ਵਿੱਚ ਹੇਠ ਲਿਖੀਆਂ ਗੱਲਾਂ ਕਹੀਆਂ, ''ਯੂ ਐਨ ਸ਼ਾਂਤੀ ਸੈਨਾ ਦੇ ਮਿਸ਼ਨ ਤਹਿਤ ਸਭ ਤੋਂ ਵੱਧ ਕੁਰਬਾਨੀਆਂ ਭਾਰਤੀ ਫੌਜੀਆਂ ਨੇ ਦਿੱਤੀਆਂ ਹਨ। ਅਸੀਂ ਉਸ ਦੇਸ਼ ਨਾਲ ਸੰਬੰਧ ਰੱਖਦੇ ਹਾਂ, ਜਿਸ ਨੇ ਦੁਨੀਆ ਨੂੰ ਯੁੱਧ ਨਹੀਂ, ਸਗੋਂ ਬੁੱਧ ਦਾ ਸ਼ਾਂਤੀ ਦਾ ਸੰਦੇਸ਼ ਦਿੱਤਾ ਤੇ ਇਸੇ ਕਾਰਨ ਅੱਤਵਾਦ ਵਿਰੁੱਧ ਸਾਡੀ ਆਵਾਜ਼ ਦੁਨੀਆ ਨੂੰ ਇਸ ਬੁਰਾਈ ਬਾਰੇ ਚਿਤਾਵਨੀ ਦੇਣ ਲਈ, ਗੰਭੀਰਤਾ ਤੇ ਗੁੱਸੇ ਨਾਲ ਭਰੀ ਹੋਈ ਹੈ। ਸਾਡੀ ਸੋਚ ਹੈ ਕਿ ਇਹ ਨਾ ਸਿਰਫ ਕਿਸੇ ਇੱਕ ਦੇਸ਼ ਲਈ, ਸਗੋਂ ਪੂਰੇ ਵਿਸ਼ਵ ਅਤੇ ਮਨੁੱਖਤਾ ਲਈ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇੱਕ ਹੈ। ਅੱਤਵਾਦ ਦੇ ਮਸਲੇ 'ਤੇ ਸਾਡੇ ਲੋਕਾਂ ਵਿੱਚ ਸਰਬ ਸੰਮਤੀ ਦੀ ਘਾਟ ਉਨ੍ਹਾਂ ਸਿਧਾਂਤਾਂ ਨੂੰ ਨੁਕਸਾਨ ਪੁਚਾਉਂਦੀ ਹੈ, ਜਿਹੜੇ ਯੂ ਐੱਨ ਦੀ ਸਥਾਪਨਾ ਦੇ ਆਧਾਰ ਹਨ ਅਤੇ ਇਸ ਲਈ ਮਨੁੱਖਤਾ ਦੀ ਭਲਾਈ ਲਈ ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਇਹ ਬਹੁਤ ਜ਼ਰੂਰੀ ਹੈ ਕਿ ਪੂਰਾ ਵਿਸ਼ਵ ਅੱਤਵਾਦ ਵਿਰੁੱਧ ਇਕਜੁੱਟ ਹੋਵੇ ਅਤੇ ਵਿਸ਼ਵ ਅੱਤਵਾਦ ਵਿਰੁੱਧ ਖੜ੍ਹਾ ਹੋਵੇ।''

ਪ੍ਰਧਾਨ ਮੰਤਰੀ ਸਹੀ ਕਹਿ ਰਹੇ ਹਨ; ਦੁਨੀਆ ਵਿੱਚ ਅੱਤਵਾਦ ਦੇ ਮੁੱਦੇ 'ਤੇ ਸਰਬ ਸੰਮਤੀ ਦੀ ਘਾਟ ਹੈ। ਸਵਾਲ ਇਹ ਹੈ ਕਿ ਅਜਿਹਾ ਕਿਉਂ ਹੈ? ਇਸ ਦਾ ਜਵਾਬ ਇਹ ਹੈ ਕਿ ਇਸ ਗੱਲ ਦੀ ਕੋਈ ਸਵੀਕਾਰਨ ਯੋਗ ਪਰਿਭਾਸ਼ਾ ਨਹੀਂ ਹੈ ਕਿ ਅੱਤਵਾਦ ਕੀ ਹੈ ਅਤੇ ਅੱਤਵਾਦੀ ਕੌਣ ਹੈ? ਭਾਰਤ ਦਾ ਪਹਿਲਾ ਅੱਤਵਾਦ ਰੋਕੂ ਕਾਨੂੰਨ, 'ਟਾਡਾ', ਜੋ ਕਾਂਗਰਸ ਦੀ ਦੇਣ ਸੀ, ਵਿੱਚ ਕਿਹਾ ਗਿਆ ਹੈ; ''ਜੋ ਕੋਈ ਵੀ ਕਾਨੂੰਨ ਵੱਲੋਂ ਸਥਾਪਤ ਸਰਕਾਰ ਨੂੰ ਡਰਾਉਣ ਦੀ ਮਨਸ਼ਾ ਨਾਲ ਜਾਂ ਜਨਤਾ ਜਾਂ ਜਨਤਾ ਦੇ ਕਿਸੇ ਵਰਗ ਵਿੱਚ ਭੈਅ ਪੈਦਾ ਕਰਨ ਜਾਂ ਲੋਕਾਂ ਦੇ ਕਿਸੇ ਵਰਗ ਨੂੰ ਵੱਖ ਕਰਨ ਜਾਂ ਜਨਤਾ ਦੇ ਵੱਖ-ਵੱਖ ਵਰਗਾਂ 'ਚ ਸੁਹਿਰਦਤਾ ਨੂੰ ਖਰਾਬ ਕਰਨ ਲਈ ਬੰਬ, ਡਾਇਨਾਮਾਈਟ ਜਾਂ ਹੋਰ ਵਿਸਫੋਟਕ ਸਮੱਗਰੀ ਜਾਂ ਜਲਣਸ਼ੀਲ ਸਮੱਗਰੀ ਜਾਂ ਪਟਾਕਿਆਂ ਜਾਂ ਹੋਰ ਘਾਤਕ ਹਥਿਆਰਾਂ ਜਾਂ ਜ਼ਹਿਰੀਲੀਆਂ ਗੈਸਾਂ ਜਾਂ ਹੋਰ ਕੈਮੀਕਲਜ਼ ਜਾਂ ਹੋਰ ਖਤਰਨਾਕ ਕੁਦਰਤੀ ਚੀਜ਼ਾਂ ਦੀ ਵਰਤੋਂ ਨਾਲ ਇਸ ਤਰ੍ਹਾਂ ਦੀ ਕਾਰਵਾਈ ਕਰਦਾ ਹੈ, ਜਿਸ ਤਰ੍ਹਾਂ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਮੌਤ ਹੋ ਸਕਦੀ ਹੈ ਜਾਂ ਉਹ ਜ਼ਖਮੀ ਹੋ ਸਕਦੇ ਹਨ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚ ਸਕਦਾ ਹੈ ਜਾਂ ਭਾਈਚਾਰੇ ਦੇ ਜੀਵਨ ਲਈ ਜ਼ਰੂਰੀ ਵਸਤਾਂ ਦੀ ਸਪਲਾਈ ਵਿੱਚ ਵਿਘਨ ਪਾਉਂਦਾ ਹੈ, ਉਹ ਅੱਤਵਾਦੀ ਕਾਰਵਾਈ ਨੂੰ ਅੰਜਾਮ ਦਿੰਦਾ ਹੈ।''

ਇਸ ਤਰ੍ਹਾਂ ਭਾਰਤ ਮਹਿਸੂਸ ਕਰਦਾ ਸੀ ਕਿ ਬੰਬ ਅਤੇ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਵਾਲਾ ਵਿਅਕਤੀ ਵੀ ਉਹੀ ਅਪਰਾਧ ਕਰਦਾ ਹੈ, ਜੋ ਜਾਇਦਾਦ ਨੂੰ ਨੁਕਸਾਨ ਪੁਚਾਉਣ ਜਾਂ ਸਪਲਾਈ ਵਿੱਚ ਅੜਿੱਕਾ ਪੈਦਾ ਕਰਨ ਵਾਲਾ ਕਰਦਾ ਹੈ। ਸਾਡਾ ਦੂਜਾ ਅੱਤਵਾਦ ਰੋਕੂ ਕਾਨੂੰਨ 'ਪੋਟਾ', ਜੋ ਭਾਜਪਾ ਦੀ ਦੇਣ ਹੈ, ਅੱਤਵਾਦ ਨੂੰ ਅਜਿਹੀ ਕਾਰਵਾਈ ਦੇ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ, ਜੋ ''ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦਿੰਦਾ ਹੋਵੇ ਜਾਂ ਜਨਤਾ ਜਾਂ ਜਨਤਾ ਦੇ ਕਿਸੇ ਵਰਗ 'ਚ ਡਰ ਪੈਦਾ ਕਰਦਾ ਹੋਵੇ।'' ਅੱਤਵਾਦ ਬਾਰੇ ਇਸ ਤਰ੍ਹਾਂ ਦੀ ਅਸਪੱਸ਼ਟ ਪਰਿਭਾਸ਼ਾ ਕਾਰਨ ਦੁਚਿੱਤੀ ਦੀ ਸਥਿਤੀ ਪੈਦਾ ਹੋਈ, ਜਿਸ ਨਾਲ ਅੱਤਵਾਦ ਨਾਲ ਜੁੜੇ ਮਾਮਲਿਆਂ ਦੀ ਦੁਨੀਆ ਭਰ ਵਿੱਚ ਦੋਸ਼ ਸਿੱਧੀ ਦੀ ਦਰ ਬਹੁਤ ਘੱਟ ਹੈ। 'ਟਾਡਾ' ਦੀ ਦੋਸ਼ ਸਿੱਧੀ ਦਰ ਇੱਕ ਫੀਸਦੀ ਸੀ ਅਤੇ 'ਪੋਟਾ' ਦੀ ਇੱਕ ਫੀਸਦੀ ਤੋਂ ਘੱਟ। ਇਸ ਪਰਿਭਾਸ਼ਾ ਨੂੰ ਤੇਜ਼ ਕਰਨ 'ਤੇ ਧਿਆਨ ਦੇਣਾ ਚਾਹੀਦਾ ਸੀ, ਪਰ ਭਾਰਤ ਵਿੱਚ ਚੰਗਾ ਕਾਨੂੰਨ ਬਣਾਉਣਾ ਕਾਨੂੰਨ ਘਾੜਿਆਂ ਦਾ ਮੁੱਢਲਾ ਕੰਮ ਨਹੀਂ ਹੈ। ਭਾਰਤ ਵਿੱਚ ਹਥਿਆਰਬੰਦ ਲੋਕਾਂ ਵੱਲੋਂ ਨਿਹੱਥੇ ਲੋਕਾਂ 'ਤੇ ਹਮਲਾ ਅੱਤਵਾਦ ਹੈ। ਹਥਿਆਰਬੰਦ ਲੋਕਾਂ 'ਤੇ ਹੋਰ ਹਥਿਆਰਬੰਦ ਲੋਕਾਂ ਵੱਲੋਂ ਹਮਲਾ ਵੀ ਅੱਤਵਾਦ ਹੈ। ਅੱਤਵਾਦੀਆਂ ਵੱਲੋਂ ਫੌਜੀ ਕੈਂਪ 'ਤੇ ਹਮਲਾ ਕਰਨਾ ਵੀ ਅੱਤਵਾਦ ਹੈ, ਪਰ ਉਦੋਂ ਇਹ ਗੱਲ ਮਾਇਨੇ ਰੱਖਦੀ ਹੈ ਕਿ ਹਮਲਾਵਰ ਕੌਣ ਹੈ। ਲੋਕਾਂ ਨੂੰ ਡਰਾਉਣ ਲਈ ਘੱਟ ਗਿਣਤੀਆਂ 'ਤੇ ਹਮਲਾ ਕਰਨ ਵਾਲੇ ਕਿਸੇ ਸਮੂਹ ਨੂੰ ਦੰਗਾਈ ਜਾਂ ਲਿੰਚਰਜ਼ ਕਿਹਾ ਜਾਂਦਾ ਹੈ। ਇੱਕੋ ਕਿਸਮ ਨਾਲ ਕੀਤੇ ਗਏ ਇੱਕ ਹੀ ਅਪਰਾਧ ਨੂੰ ਵੱਖ-ਵੱਖ ਨਾਂਅ ਦਿੱਤਾ ਜਾਂਦਾ ਹੈ ਅਤੇ ਭਾਰਤ ਇਸ ਮਾਮਲੇ ਵਿੱਚ ਹੋਰਨਾਂ ਤੋਂ ਵੱਖ ਨਹੀਂ ਹੈ।

ਦੋ ਉਦਾਹਰਣਾਂ 'ਚ, ਜਿਨ੍ਹਾਂ 'ਚੋਂ ਇੱਕ ਵਿਅਕਤੀ ਗੰਨ ਰਾਹੀਂ ਦਰਜਨਾਂ ਨਿਹੱਥੇ ਨਾਗਰਿਕਾਂ ਦੀ ਹੱਤਿਆ ਕਰਦਾ ਹੈ, ਅਮਰੀਕਾ ਦੇ ਰਾਸ਼ਟਰਪਤੀ ਇਕ ਨੂੰ ਅੱਤਵਾਦੀ ਦੱਸਦੇ ਹਨ ਤੇ ਦੂਜੇ ਨੂੰ ਇਕੱਲਾ ਗੰਨਮੈਨ ਜਾਂ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀ ਦੱਸਦੇ ਹਨ, ਉਹ ਇਹ ਸੋਚ ਕੇ ਏਦਾਂ ਕਰਦੇ ਹਨ ਕਿ ਗੰਨਮੈਨ ਕਿਸ ਧਰਮ ਨਾਲ ਸੰਬੰਧਤ ਹੈ। ਜੇ ਦੁਨੀਆ ਅੱਤਵਾਦ ਅਤੇ ਅੱਤਵਾਦੀ ਦੀ ਪਰਿਭਾਸ਼ਾ ਬਾਰੇ ਇਕਮਤ ਨਹੀਂ ਤਾਂ ਉਸ ਦਾ ਕਾਰਨ ਦੋਵਾਂ ਦੀ ਅਸਪੱਸ਼ਟ ਪਰਿਭਾਸ਼ਾ ਹੈ।

# ਆਸਾਂ ਦੀ ਡੋਰ ਨਾਲ ਬੱਝੀ ਜ਼ਿੰਦਗੀ

-ਪ੍ਰੋ. ਧਰਮਵੀਰ ਸਿੰਘ ਮਾਨ

ਆਪਣੀ ਤੇਜ਼ ਬੁੱਧੀ ਸਦਕਾ ਇਨਸਾਨ ਨੇ ਜ਼ਿੰਦਗੀ ਦੇ ਹਰ ਗੁੱਝੇ ਭੇਤ ਨੂੰ ਫਰੋਲ ਕੇ ਉਸ ਦੇ ਅੰਦਰ ਦੀ ਸੱਚਾਈ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਹੋਇਆ ਹੈ, ਪਰ ਭਵਿੱਖ ਨੂੰ ਜਾਣਨ ਦਾ ਭੇਤ ਉਸ ਲਈ ਅਜੇ ਤੱਕ ਬੁਝਾਰਤ ਬਣਿਆ ਹੋਇਆ ਹੈ। ਬੀਤੇ ਸਮੇਂ ਦਾ ਤਜਰਬਾ ਅਤੇ ਵਰਤਮਾਨ ਸਮੇਂ ਦੀ ਸੱਚਾਈ ਜ਼ਿੰਦਗੀ ਬਤੀਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਵਿੱਖ ਦੀ ਸਫਲਤਾ ਉਮੀਦ ਅਤੇ ਵਿਸ਼ਵਾਸ 'ਤੇ ਟਿਕੀ ਹੋਣ ਕਰਕੇ ਇਨਸਾਨ ਹਮੇਸ਼ਾਂ ਆਸਵੰਦ ਰਹਿੰਦਾ ਹੈ।

ਉਮੀਦ ਅਤੇ ਵਿਸ਼ਵਾਸ ਇਨਸਾਨ ਨੂੰ ਜ਼ਿੰਦਗੀ ਪ੍ਰਤੀ ਸਾਕਾਰਾਤਮਕ ਰੱਖਦੇ ਹਨ। ਰੋਜ਼ਾਨਾ ਸਵੇਰ ਦਾ ਸੂਰਜ ਇਕ ਨਵੀਂ ਆਸ ਲੈ ਕੇ ਆਉਂਦਾ ਹੈ। ਪੂਰੇ ਦਿਨ ਦਾ ਥੱਕਿਆ ਟੁੱਟਿਆ ਇਨਸਾਨ ਰਾਤ ਨੂੰ ਮੰਜੇ ਉਤੇ ਪੈ ਕੇ ਪੂਰੇ ਦਿਨ ਦਾ ਜੋੜ ਘਟਾਓ ਕਰਨ ਤੋਂ ਬਾਅਦ ਅਗਲੇ ਦਿਨ ਕੁਝ ਚੰਗਾ ਹੋਣ ਦੀ ਆਸ ਲੈ ਕੇ ਸੌਂਦਾ ਹੈ। ਕੁਝ ਚੰਗਾ ਹੋਣਾ ਹੈ ਜਾਂ ਨਹੀਂ ਇਹ ਤਾਂ ਪਤਾ ਨਹੀਂ, ਪਰ ਭਵਿੱਖ ਵਿੱਚ ਚੰਗਾ ਹੋਣ ਦੀ ਆਸ ਅਤੇ ਵਿਸ਼ਵਾਸ ਨੇ ਅਗਲੇ ਦਿਨ ਜ਼ਿੰਦਾ ਦਿਲ ਹੋ ਕੇ ਜਿਉਣ ਦੀ ਆਸ ਜ਼ਰੂਰ ਜਗਾ ਦਿੱਤੀ ਹੈ। ਇਹੀ ਜ਼ਿੰਦਗੀ ਦੀ ਡੋਰ ਹੈ ਜੋ ਲਗਾਤਾਰ ਇਸ ਮਨੁੱਖ ਨੂੰ ਚੱਲਦਾ ਤੇ ਜਿਉਂਦਾ ਰੱਖਦੀ ਹੈ। ਬੇਆਸ ਮਨ ਜਿਥੇ ਸਰੀਰ ਨੂੰ ਨਿਰਜ਼ਿੰਦ ਕਰ ਦਿੰਦਾ ਹੈ, ਉਥੇ ਚੰਗੇ ਨਤੀਜਿਆਂ ਦੇ ਆਉਣ ਦੀ ਉਮੀਦ ਅਤੇ ਵਿਸ਼ਵਾਸ ਇਨਸਾਨ ਨੂੰ ਹਮੇਸ਼ਾ ਅੱਗੇ ਵਧਦੇ ਰਹਿਣ ਦਾ ਸਬਕ ਦਿੰਦੇ ਹਨ।

ਗੰਭੀਰ ਬਿਮਾਰੀ ਦੇ ਸ਼ਿਕਾਰ ਇਕ ਨੌਜਵਾਨ ਨੂੰ ਡਾਕਟਰਾਂ ਨੇ ਇਹ ਕਹਿ ਕੇ ਘਰ ਮੋੜ ਦਿੱਤਾ ਕਿ ਬਿਮਾਰੀ ਲਾ ਇਲਾਜ ਪੱਧਰ 'ਤੇ ਪਹੁੰਚੀ ਹੋਣ ਕਰਕੇ ਇਲਾਜ ਕਰਨਾ ਸੰਭਵ ਨਹੀਂ, ਇਸ ਲਈ ਜਿੰਨਾ ਕੁ ਸਮਾਂ ਹੈ, ਘਰ ਲਿਜਾ ਕੇ ਸੇਵਾ ਕਰ ਲਈ ਜਾਵੇ। ਥੋੜ੍ਹਾ ਬਹੁਤਾ ਤੁਰਨ ਦੀ ਹਿੰਮਤ ਰੱਖਦੇ ਨੌਜਵਾਨ ਨੇ ਆਪਣੇ ਜ਼ਿੰਦਗੀ ਦੇ ਸਫਰ ਦਾ ਅੰਤ ਹੁੰਦਾ ਦੇਖ ਕੇ ਕੁਝ ਜ਼ਰੂਰੀ ਕੰਮ ਕਾਰ ਨਿਪਟਾਉਣੇ ਸ਼ੁਰੂ ਕਰ ਦਿੱਤੇ। ਦਿਨ ਗੁਜ਼ਰਦੇ ਗਏ, ਨੌਜਵਾਨ ਬਿਮਾਰੀ ਦੇ ਦਰਦ ਨੂੰ ਵਿਸਾਰ ਕੇ ਆਪਣੇ ਕੰਮਾਂ ਨੂੰ ਜ਼ਰੂਰਤ ਮੁਤਾਬਕ ਨਿਪਟਾਉਂਦਾ ਗਿਆ। ਡਾਕਟਰਾਂ ਵੱਲੋਂ ਦਿੱਤਾ ਆਖਰੀ ਵਕਤ ਲੰਘ ਗਿਆ, ਨੌਜਵਾਨ ਜ਼ਿੰਦਗੀ ਨੂੰ ਰੋਜ਼ਾਨਾ ਅਗਲੇ ਦਿਨ ਦੀ ਆਸ ਅਤੇ ਵਿਸ਼ਵਾਸ ਮੁਤਾਬਕ ਜਿਉਂਦਾ ਚੱਲਿਆ ਗਿਆ। ਬੇਸ਼ੱਕ ਬਿਮਾਰੀ ਸਰੀਰ ਵਿੱਚੋਂ ਖਤਮ ਨਹੀਂ ਹੋਈ, ਪਰ ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਜ਼ਿੰਦਗੀ ਜਿਉਣ ਦੀ ਸੱਚਾਈ ਨੇ ਨਿਰਜ਼ਿੰਦ ਸਰੀਰ ਨੂੰ ਸੁਰਜੀਤ ਕਰ ਦਿੱਤਾ। ਇਹ ਉਮੀਦ ਤੇ ਵਿਸ਼ਵਾਸ ਦੀ ਤਾਕਤ ਹੈ। ਬੇਆਸ ਮਨੁੱਖ ਜ਼ਿੰਦਗੀ ਦੀ ਖੂਬਸੂਰਤੀ ਨੂੰ ਮਾਣਨ ਤੋਂ ਅਸਮਰੱਥ ਹੋ ਜਾਂਦਾ ਹੈ। ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਟਿਕੀ ਜ਼ਿੰਦਗੀ ਦੇ ਰਹੱਸ ਨੂੰ ਬੁੱਝਣਾ ਬੇਸ਼ੱਕ ਨਾ ਮੁਮਕਿਨ ਹੈ, ਪਰ ਇਹ ਉਮੀਦ ਹੀ ਹੈ ਜਿਸ ਦੇ ਸਹਾਰੇ ਜ਼ਿੰਦਗੀ ਦਾ ਪੂਰਾ ਆਨੰਦ ਲਿਆ ਜਾ ਸਕਦਾ ਹੈ।




ਉਮੀਦ ਤੇ ਵਿਸ਼ਵਾਸ ਬਰਕਰਾਰ ਹੈ ਤਾਂ ਮੰਜ਼ਿਲ ਵੱਲ ਕਦਮ ਆਪ ਮੁਹਾਰੇ ਹੀ ਵੱਧਦੇ ਜਾਣਗੇ। ਵੱਡੀਆਂ-ਵੱਡੀਆਂ ਮੁਸੀਬਤਾਂ ਦਾ ਝੰਬਿਆ ਇਨਸਾਨ ਉਮੀਦ ਤੇ ਵਿਸ਼ਵਾਸ ਦੇ ਸਹਾਰੇ ਆਪਣੇ ਯਤਨਾਂ ਨੂੰ ਲਗਾਤਾਰ ਜਾਰੀ ਰੱਖਦਾ ਹੈ। ਮੰਜ਼ਿਲ ਮਿਲਣ ਦੀ ਆਸ ਇਨਸਾਨ ਦੀਆਂ ਥੱਕੀਆਂ ਲੱਤਾਂ ਨੂੰ ਲੰਬਾ ਪੈਂਡਾ ਤੈਅ ਕਰਨ ਦੀ ਤਾਕਤ ਦਿੰਦੀ ਹੈ। ਉਮੀਦ ਤੋਂ ਉਪਜਿਆ ਆਤਮ ਬਲ ਔਖੀਆਂ ਘੜੀਆਂ ਨੂੰ ਸੁਖਾਲਾ ਕਰ ਦਿੰਦਾ ਹੈ। ਜਿਵੇਂ ਬੁਝਦੀ ਅੱਗ ਦਾ ਇਕ ਚੰਗਿਆੜਾ ਵੱਡੇ-ਵੱਡੇ ਭਾਂਬੜਾਂ ਦਾ ਕਾਰਨ ਬਣ ਜਾਂਦਾ ਹੈ, ਠੀਕ ਉਸੇ ਤਰ੍ਹਾਂ ਦਿਲ ਦੇ ਕਿਸੇ ਖੂੰਜੇ ਵਿੱਚ ਪਿਆ ਆਸਵੰਦ ਵਿਚਾਰ ਬੁਝੀ ਹੋਈ ਜ਼ਿੰਦਗੀ ਨੂੰ ਦੁਬਾਰਾ ਰੌਸ਼ਨ ਕਰ ਦਿੰਦਾ ਹੈ। ਮੁਸ਼ਕਿਲ ਹਾਲਤ ਵਿੱਚ ਆਸ ਅਤੇ ਵਿਸ਼ਵਾਸ ਹੀ ਟੁੱਟਦੇ ਹੌਸਲਿਆਂ ਨੂੰ ਥੰਮਦੇ ਹਨ। ਇਹ ਉਮੀਦ ਅਤੇ ਵਿਸ਼ਵਾਸ ਹੀ ਹਨ, ਜੋ ਇਨਸਾਨ ਨੂੰ ਜ਼ਿੰਦਗੀ ਦੇ ਵੱਖ-ਵੱਖ ਰਸਤਿਆਂ ਤੋਂ ਵਾਕਫ ਕਰਾਉਂਦੇ ਅਤੇ ਆਪਣੀ ਪਸੰਦ ਦਾ ਰਸਤਾ ਚੁਣਨ ਲਈ ਰਾਹ ਦਸੇਰਾ ਬਣਦੇ ਹਨ।

ਉਮੀਦ ਤੇ ਵਿਸ਼ਵਾਸ ਦਾ ਆਪਸ ਵਿੱਚ ਕਰੀਬੀ ਰਿਸ਼ਤਾ ਹੈ। ਔਖੇ ਸਮੇਂ ਇਹ ਇਨਸਾਨ ਲਈ ਸੰਜੀਵਨੀ ਦਾ ਕੰਮ ਕਰਦੇ ਹਨ। ਜ਼ਿੰਦਗੀ ਪ੍ਰਤੀ ਆਸਵੰਦ ਰਵੱਈਆ ਹੋਰਾਂ ਲਈ ਹੌਸਲੇ ਨਾਲ ਜ਼ਿੰਦਗੀ ਜਿਉਣ ਦੀ ਮਿਸਾਲ ਬਣਦਾ ਹੈ। ਹਰ ਮਨੁੱਖ ਵਿੱਚ ਇਕ ਦੂਜੇ ਨੂੰ ਸਾਕਾਰਾਤਮਕ ਢੰਗ ਨਾਲ ਪ੍ਰਭਾਵਿਤ ਕਰਨ ਦਾ ਹੁਨਰ ਹੈ। ਮੁਸ਼ਕਿਲ ਦਾ ਸਾਹਮਣਾ ਕਰਦੇ ਸਮੇਂ ਸਾਡਾ ਆਸਵੰਦ ਸੁਭਾਅ ਕਿਸੇ ਹੋਰ ਲਈ ਪ੍ਰੇਰਨਾ ਦਾ ਸਰੋਤ ਬਣ ਸਕਦਾ ਹੈ। ਕਿਸੇ ਨੇ ਠੀਕ ਕਿਹਾ ਹੈ, 'ਜਿਥੇ ਉਮੀਦ ਹੈ, ਉਥੇ ਜ਼ਿੰਦਗੀ ਹੈ।' ਆਓ ਇਕ ਆਸ ਤੇ ਵਿਸ਼ਵਾਸ 'ਤੇ ਆਧਾਰਿਤ ਜ਼ਿੰਦਗੀ ਜੀਅ ਕੇ ਹੋਰਾਂ ਲਈ ਮਿਸਾਲ ਕਾਇਮ ਕਰੀਏ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।


- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



# ਖ਼ਬਰਾਂ ਪੰਜਾਬ ਦੀਆਂ



## ਕੇਂਦਰ ਸਰਕਾਰ ਵਲੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦਾ ਫੈਸਲਾ

* ਪੰਜਾਬ ਸਰਕਾਰ ਵੱਲੋਂ 9 ਟਾਡਾ ਕੈਦੀਆਂ ਵਿੱਚੋਂ 8 ਨੂੰ ਛੱਡਣ ਦੇ ਹੁਕਮ

* 550ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਵਿੱਚ 550 ਕੈਦੀ ਰਿਹਾਅ ਹੋਣਗੇ

ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਗ੍ਰਹਿ ਵਿਭਾਗ ਨੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਮੰਗ ਉੱਤੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਨਜ਼ਰਬੰਦ 8 ਸਿੱਖ ਕੈਦੀਆਂ ਅਤੇ ਬਲਵੰਤ ਸਿੰਘ ਰਾਜਆਣਾ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਟੀਸ਼ਨ ਨੂੰ ਪ੍ਰਵਾਨ ਕਰ ਕੇ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਫੈਸਲਾ ਕਰ ਲਿਆ ਹੈ।

ਇਸ ਸਬੰਧ ਵਿੱਚ ਕੇਂਦਰੀ ਗ੍ਰਹਿ ਵਿਭਾਗ ਵਲੋਂ ਬਕਾਇਦਾ ਹੁਕਮ ਜਾਰੀ ਕਰ ਦਿੱਤੇ ਗਏ ਹਨ, ਪਰ ਛੁੱਟੀਆਂ ਹੋਣ ਕਾਰਨ ਪੰਜਾਬ ਸਰਕਾਰ ਨੂੰ ਇਸ ਦੀ ਲਿਖਤੀ ਸੂਚਨਾ ਅਜੇ ਮਿਲਣੀ ਹੈ। ਮੁੱਖ ਮੰਤਰੀ ਪੰਜਾਬ ਨੇ 14 ਸਤੰਬਰ 2019 ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ 9 ਟਾਡਾ ਕੈਦੀਆਂ ਦੀ ਰਿਹਾਈ ਦੀ ਮੰਗ ਰੱਖੀ ਸੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਵੀ ਬੇਨਤੀ ਕੀਤੀ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਕਤ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ। ਰਾਜ ਸਰਕਾਰ ਵਲੋਂ ਜਿਨ੍ਹਾਂ 9 ਕੈਦੀਆਂ ਦੀ ਰਿਹਾਈ ਦੀ ਸਿਫਾਰਸ਼ ਭੇਜੀ ਗਈ ਸੀ, ਉਨ੍ਹਾਂ 'ਚ ਕਰਨਾਟਕ ਦੀ ਗੁਲਬਰਗ ਕੇਂਦਰੀ ਜੇਲ੍ਹ 'ਚ ਨਜ਼ਰਬੰਦ ਵਰਿਆਮ ਸਿੰਘ ਤੋਂ ਇਲਾਵਾ ਪੰਜਾਬ ਦੀ ਨਾਭਾ ਦੀ ਹਾਈ ਸਕਿਓਰਟੀ ਜੇਲ੍ਹ 'ਚ ਨਜ਼ਰਬੰਦ ਲਾਲ ਸਿੰਘ, ਦਿਲਬਾਗ ਸਿੰਘ ਅਤੇ ਸ਼ਰਨ ਸਿੰਘ ਸ਼ਾਮਲ ਹਨ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ 'ਚ ਹਰਦੀਪ ਸਿੰਘ



ਅਤੇ ਬਾਜ਼ ਸਿੰਘ ਤੋਂ ਇਲਾਵਾ ਲੁਧਿਆਣਾ ਕੇਂਦਰੀ ਜੇਲ੍ਹ 'ਚ ਸੁਬੇਗ ਸਿੰਘ ਅਤੇ ਪਟਿਆਲਾ ਕੇਂਦਰੀ ਜੇਲ੍ਹ 'ਚ ਨਜ਼ਰਬੰਦ ਨੰਦ ਸਿੰਘ ਵੀ ਇਨ੍ਹਾਂ ਵਿੱਚ ਸ਼ਾਮਲ ਹਨ। ਇਨ੍ਹਾਂ ਸਾਰੇ ਕੈਦੀਆਂ ਨੂੰ ਖਾੜਕੂਵਾਦ ਦੇ ਦੌਰ 'ਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਇਨ੍ਹਾਂ 'ਤੇ ਟਾਡਾ ਐਕਟ ਅਧੀਨ ਕੇਸ ਬਣਾਏ ਗਏ ਸਨ ਅਤੇ ਵਿਸ਼ੇਸ਼ ਕੇਂਦਰੀ ਐਕਟ ਹੇਠ ਇਨ੍ਹਾਂ ਦੀ ਸਜ਼ਾ ਮੁਆਫੀ ਦਾ ਫੈਸਲਾ ਵੀ ਕੇਂਦਰ ਸਰਕਾਰ ਲੈ ਸਕਦੀ ਸੀ। ਇਹ ਸਾਰੇ ਕੈਦੀ ਕਰੀਬ 20 ਸਾਲ ਤੋਂ ਵੱਧ ਦੀ ਸਜ਼ਾ ਪੂਰੀ ਕਰ ਚੁੱਕੇ ਹਨ, ਜਦ ਕਿ ਕਈਆਂ ਦੀ ਸਜ਼ਾ 28 ਸਾਲ ਤੋਂ ਵੀ ਵੱਧ ਹੋ ਗਈ ਹੈ। ਪੰਜਾਬ ਸਰਕਾਰ ਨੂੰ ਅਜੇ ਇਹ ਪਤਾ ਨਹੀਂ ਕਿ ਕੇਂਦਰ ਨੇ ਉਨ੍ਹਾਂ ਦੀਆਂ ਸਿਫਾਰਸ਼ਾਂ 'ਚੋਂ ਕਿਸ ਇੱਕ ਕੈਦੀ ਦੀ ਰਿਹਾਈ ਦੀ ਸਿਫਾਰਸ਼ ਰੋਕੀ ਹੈ। ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਸਾਨੂੰ ਇਸ ਸਬੰਧੀ ਕੇਂਦਰ ਤੋਂ ਸੂਚੀ ਛੇਤੀ ਮਿਲ ਜਾਵੇਗੀ।

ਵਰਣਨ ਯੋਗ ਹੈ ਕਿ ਪੰਜਾਬ ਸਰਕਾਰ ਨੇ ਬਲਵੰਤ ਸਿੰਘ ਰਾਜੋਆਣਾ ਦਾ ਨਾਂਅ ਆਪਣੀ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਸੀ, ਪਰ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੇ ਉਨ੍ਹਾਂ ਦੀ ਸਜ਼ਾ ਵਿੱਚ ਕਮੀ ਲਈ ਵੱਖਰੇ ਤੌਰ ਉੱਤੇ ਕੇਂਦਰੀ ਗ੍ਰਹਿ ਵਿਭਾਗ ਨੂੰ ਪਟੀਸ਼ਨ ਪਾਈ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਦੇਸ਼ ਵਿੱਚ 9 ਸਿੱਖ ਕੈਦੀਆਂ ਨੂੰ ਵਿਸ਼ੇਸ਼ ਮੁਆਫੀ ਦੇਣ ਬਾਰੇ ਸੂਬਾ ਸਰਕਾਰ ਦੀ ਰਾਏ ਪ੍ਰਵਾਨ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰਪੁਰਬ ਦੇ ਇਤਿਹਾਸਕ ਮੌਕੇ 'ਤੇ ਮਾਨਵਤਾ ਵਾਦੀ ਪੱਖ ਤੋਂ 550 ਕੈਦੀਆਂ ਨੂੰ ਰਿਹਾਅ ਕਰਨ ਲਈ ਆਪਣੀ ਸਰਕਾਰ ਦੇ ਫੈਸਲੇ ਦਾ ਐਲਾਨ ਕੀਤਾ ਹੈ। ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਟਾਡਾ ਅਧੀਨ ਜੋ ਕੈਦੀ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਤੇ ਇਨ੍ਹਾਂ ਦੀ ਰਿਹਾਈ ਪੰਜਾਬ ਜਾਂ ਦੇਸ਼ ਦੇ ਅਮਨ ਤੇ ਸੁਰੱਖਿਆ ਲਈ ਹਾਨੀਕਾਰਕ ਨਹੀਂ, ਉਨ੍ਹਾਂ ਦੀ ਰਿਹਾਈ ਲਈ ਮੁੱਖ ਮੰਤਰੀ ਦੀ ਤਜਵੀਜ਼ ਨੂੰ ਪ੍ਰਵਾਨ ਕਰਨ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ। 14 ਸਤੰਬਰ 2019 ਨੂੰ ਇੱਕ ਪੱਤਰ ਰਾਹੀ ਮੁੱਖ ਮੰਤਰੀ ਨੇ ਅਮਿਤ ਸ਼ਾਹ ਨੂੰ ਮਾਨਵੀ ਆਧਾਰ ਦੇ ਕਦਮ ਵਜੋਂ ਸੂਬਾ ਸਰਕਾਰ ਦੀ ਇਸ ਮੰਗ ਨੂੰ ਪ੍ਰਵਾਨ ਕਰਨ ਦੀ ਅਪੀਲ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਅਕਤੀ ਸਮਾਜ ਲਈ ਕਿਸੇ ਤਰ੍ਹਾਂ ਖਤਰਾ ਨਹੀਂ ਹਨ ਤੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਇਹ ਕਦਮ ਗੁਰੂ ਸਾਹਿਬ ਦੇ ਰਹਿਮ ਦਿਲੀ ਦੇ ਫਲਸਫੇ ਦੇ ਪੂਰੀ ਤਰ੍ਹਾਂ ਅਨੁਕੂਲ ਹੈ। ਇਨ੍ਹਾਂ ਕੈਦੀਆਂ ਦੀ ਰਿਹਾਈ ਲਈ ਸਬੰਧਿਤ ਸੂਬਾ ਸਰਕਾਰਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਪੰਜਾਬ ਸਰਕਾਰ ਨੇ ਪੱਤਰ ਵੀ ਭੇਜਿਆ ਹੈ।

## ਐੱਲ ਆਈ ਸੀ ਦੀ ਏਜੰਟ ਦੇ ਕਤਲ ਲਈ ਜਲੰਧਰ ਦਾ ਸਾਬਕਾ ਡੀ ਓ ਹਿਰਾਸਤ ਵਿੱਚ



ਮੋਗਾ, 30 ਸਤੰਬਰ (ਪੋਸਟ ਬਿਊਰੋ)- ਭਾਰਤੀ ਜੀਵਨ ਬੀਮਾ ਨਿਗਮ (ਐਲ ਆਈ ਸੀ) ਦੀ ਮਹਿਲਾ ਏਜੰਟ ਦੀ ਹੱਤਿਆ ਦੇ ਕੇਸ ਬਾਰੇ ਪੁਲਸ ਨੇ ਤਿੰਨ ਟੀਮਾਂ ਬਣਾਈਆਂ ਹਨ, ਜੋ ਵਾਰਦਾਤ ਵਾਲੀ ਜਗ੍ਹਾ ਦੇ ਆਸਪਾਸ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀਆਂ ਹਨ। ਪੁਲਸ ਦੀ ਇੱਕ ਟੀਮ ਨੇ ਐੱਲ ਆਈ ਸੀ ਦੇ ਜਲੰਧਰ ਦੇ ਸਾਬਕਾ ਡਿਵੈਲਪਮੈਂਟ ਅਧਿਕਾਰੀ, ਜੋ ਸੇਵਾਮੁਕਤੀ ਦੇ ਬਾਅਦ ਏਜੰਟ ਦਾ ਕੰਮ ਕਰਦੇ ਹਨ, ਨੂੰ ਜਲੰਧਰ ਤੋਂ ਹਿਰਾਸਤ ਵਿੱਚ ਲਿਆ ਹੈ ਅਤੇ ਉਸ ਤੋਂ ਇਸ ਮਾਮਲੇ ਸੰਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਵਰਣਣ ਯੋਗ ਹੈ ਕਿ ਇਸ ਤੋਂ ਪਹਿਲਾਂ ਪੁਲਸ ਨੇ ਸ਼ਨੀਵਾਰ ਸਵੇਰੇ ਮਹਿਲਾ ਦੇ ਘਰ ਉਸ ਦੇ ਸਹਿਯੋਗੀ ਮੁਲਾਜ਼ਮ ਮੌਜੂਦਾ ਡਿਵੈਲਪਮੈਂਟ ਅਧਿਕਾਰੀ ਨੂੰ ਸੀ ਆਈ ਏ ਦਫਤਰ ਲਿਜਾ ਕੇ ਸਖਤੀ ਨਾਲ ਪੁੱਛਗਿੱਛ ਕੀਤੀ ਸੀ। ਇਸੇ ਮੁਲਾਜ਼ਮ ਨੇ ਸਭ ਤੋਂ ਪਹਿਲਾਂ ਘਰ ਆ ਕੇ ਗੁਆਂਢੀ ਦੀ ਮਦਦ ਨਾਲ ਮਹਿਲਾ ਨੂੰ ਲੱਭਣਾ ਸ਼ੁਰੂ ਕੀਤਾ ਸੀ, ਜਿਸ ਦੀ ਲਾਸ਼ ਬਾਅਦ ਵਿੱਚ ਛੱਤ 'ਤੇ ਮਿਲੀ ਸੀ। ਜ਼ਿਲ੍ਹੇ ਦੇ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਕੱਲ੍ਹ ਥਾਣਾ ਕੋਟ ਈਸੇ ਖਾਂ ਵਿੱਚ ਮਹਿਲਾ ਦੀ ਹੱਤਿਆ ਬਾਰੇ ਬੈਠਕ ਕੀਤੀ ਤੇ ਇਸ ਦੇ ਬਾਅਦ ਇੱਕ ਟੀਮ ਜਲੰਧਰ ਦੇ ਸੇਵਾਮੁਕਤ ਡਿਵੈਲਪਮੈਂਟ ਅਫਸਰ ਤੋਂ ਪੁੱਛਗਿੱਛ ਕਰਨ ਲਈ ਉਸ ਨੂੰ ਹਿਰਾਸਤ ਵਿੱਚ ਲੈ ਕੇ ਏਥੇ ਆਈ ਹੈ, ਜਦ ਕਿ ਸ਼ਨੀਵਾਰ ਨੂੰ ਡਿਵੈਲਪਮੈਂਟ ਅਧਿਕਾਰੀ ਦੇਵੀ ਸਿੰਘ ਤੋਂ ਵੀ ਪੁਲਸ ਪੁੱਛਗਿੱਛ ਕਰ ਚੁੱਕੀ ਹੈ। ਪੁਲਸ ਸੂਤਰਾਂ ਮੁਤਾਬਕ ਜਲੰਧਰ ਦੇ ਸਾਬਕਾ ਡਿਵੈਲਪਮੈਂਟ ਅਧਿਕਾਰੀ, ਜੋ ਐੱਲ ਆਈ ਸੀ ਵਿੱਚ ਅੱਜ ਕੱਲ੍ਹ ਏਜੰਟ ਦਾ ਕੰਮ ਕਰ ਰਿਹਾ ਹੈ, ਨਾਲ ਮਹਿਲਾ ਦੇ ਸੰਬੰਧ ਸਨ। ਇਸੇ ਕੜੀ ਵਿੱਚ ਪੁਲਸ ਮ੍ਰਿਤਕ ਮਹਿਲਾ ਦੇ ਫੋਨ ਕਾਲ ਡਿਟੈਲ ਤੇ ਸ਼ੱਕੀ ਵਿਅਕਤੀ ਦੇ ਮੋਬਾਈਲ ਦੀ ਕਾਲ ਡਿਟੇਲ ਤੇ ਲੋਕੇਸ਼ਨ ਟ੍ਰੇਸ ਕਰ ਰਹੀ ਹੈ।

## ਵਪਾਰੀ ਤੋਂ ਕ੍ਰੈਡਿਟ ਕਾਰਡ ਅਪਡੇਟ ਕਰਨ ਬਹਾਨੇ ਓ ਟੀ ਪੀ ਲੈ ਕੇ ਚਾਰ ਲੱਖ ਕਢਵਾਏ

ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਇੱਕ ਵਾਰ ਫਿਰ ਠੱਗਾਂ ਨੇ ਇੱਕ ਨੌਜਵਾਨ ਦਾ ਕ੍ਰੈਡਿਟ ਕਾਰਡ ਅਪਡੇਟ ਕਰਨ ਦੇ ਨਾਂਅ 'ਤੇ ਉਸ ਕੋਲੋਂ ਚਾਰ ਲੱਖ ਰੁਪਏ ਠੱਗ ਲਏ ਹਨ। ਪੀੜਤ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ ਹੈ।

ਸੈਕਟਰ 16 ਦੇ ਵਾਸੀ ਸੁਨੀਲ ਰਜਤ ਨੇ ਦੱਸਿਆ ਕਿ ਉਸ ਦੇ ਕੋਲ ਐੱਸ ਬੀ ਆਈ ਅਤੇ ਐੱਚ ਡੀ ਐੱਫ ਸੀ ਦੇ ਦੋ ਕ੍ਰੈਡਿਟ ਕਾਰਡ ਹਨ। ਇੱਕ ਹਫਤਾ ਪਹਿਲਾਂ ਉਸ ਨੂੰ ਇੱਕ ਫੋਨ ਆਇਆ ਤੇ ਫੋਨ ਕਰਨ ਵਾਲੇ ਨੇ ਆਪਣੇ ਆਪ ਨੂੰ ਬੈਂਕ ਦਾ ਅਫਸਰ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੇ ਐੱਸ ਬੀ ਆਈ ਦੇ ਕਾਰਡ ਨੂੰ ਅਪਗ੍ਰੇਡ ਕਰਨਾ ਹੈ। ਪੀੜਤ ਵੱਲੋਂ ਆਪਣੇ ਆਪ ਨੂੰ ਬਿਜ਼ੀ ਦੱਸਣ 'ਤੇ ਅਣਪਛਾਤੇ ਦੋਸ਼ੀ ਨੇ ਉਨ੍ਹਾਂ ਨੂੰ ਸ਼ਾਮ ਨੂੰ ਫੋਨ ਕਰਨ ਦੀ ਗੱਲ ਕਹੀ। ਸ਼ਾਮ ਨੂੰ ਪੀੜਤ ਨੂੰ ਫਿਰ ਫੋਨ ਆਇਆ ਅਤੇ ਫੋਨ ਕਰਨ ਵਾਲੀ ਨੇ ਆਪਣਾਂ ਨਾਂਅ ਪੂਜਾ ਦੱਸ ਕੇ ਕਿਹਾ ਕਿ ਉਹ ਬੈਂਕ ਤੋਂ ਫੋਨ ਕਰ ਰਹੀ ਹੈ। ਉਸ ਨੇ ਕਿਹਾ ਕਿ ਉਨ੍ਹਾਂ ਦਾ ਸਟੇਟ ਬੈਂਕ ਆਫ ਇੰਡੀਆ (ਐੱਸ ਬੀ ਆਈ) ਦਾ ਕਾਰਡ ਅਪਗ੍ਰੇਡ ਹੋਣਾ ਹੈ, ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਉਨ੍ਹਾਂ ਦੇ ਐੱਸ ਬੀ ਆਈ ਕਾਰਡ ਨੂੰ ਐੱਚ ਡੀ ਐੱਫ ਸੀ ਦੇ ਕਰੈਡਿਟ ਕਾਰਡ ਨਾਲ ਲਿੰਕ ਵੀ ਕਰਨਾ ਹੈ। ਪਹਿਲਾਂ ਪੀੜਤ ਨੂੰ ਉਸ ਉੱਤੇ ਵਿਸ਼ਵਾਸ ਨਹੀਂ ਆਇਆ, ਪਰ ਫੋਨ ਕਰਨ ਵਾਲੀ ਮਹਿਲਾ ਨੇ ਉਸ ਨੂੰ ਗੱਲਾਂ ਵਿੱਚ ਲਾ ਲਿਆ, ਜਿਸ ਦੇ ਬਾਅਦ ਉਹ ਉਨ੍ਹਾਂ ਤੋਂ ਜਾਣਕਾਰੀ ਮੰਗਣ ਲੱਗੀ। ਪਹਿਲਾਂ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ ਦਾ ਨੰਬਰ ਪੁੱਛਿਆ, ਇਸ ਦੇ ਬਾਅਦ ਪੀੜਤ ਦੇ ਫੋਨ ਉੱਤੇ ਆਏ ਓ ਟੀ ਪੀ ਦੇ ਬਾਰੇ ਜਾਣਕਾਰੀ ਮੰਗੀ। ਪੀੜਤ ਨੇ ਉਨ੍ਹਾਂ ਨੂੰ ਫੋਨ ਉੱਤੇ ਆਇਆ ਓ ਟੀ ਪੀ ਦੱਸ ਦਿੱਤਾ ਤਾਂ ਮਹਿਲਾ ਨੇ ਕਿਹਾ ਕਿ ਥੋੜ੍ਹਾ ਇੰਤਜ਼ਾਰ ਕਰਨਾ ਪਵੇਗਾ। ਦੋਸ਼ੀਆਂ ਨੇ ਸੁਨੀਲ ਰਜਤ ਨੂੰ ਗੱਲਾਂ ਵਿਚ ਲਾਈ ਰੱਖਿਆ ਅਤੇ ਵਾਰ ਵਾਰ ਉਨ੍ਹਾਂ ਤੋਂ ਉਹ ਓ ਟੀ ਪੀ ਲੈਂਦੇ ਰਹੇ ਅਤੇ ਉਨ੍ਹਾਂ ਦੇ ਅਕਾਊਂਟ 'ਚੋਂ ਪੈਸੇ ਕਢਵਾਉਂਦੇ ਰਹੇ। ਇਸ ਦੌਰਾਨ ਪੀੜਤ ਨੂੰ ਬੈਂਕ ਵੱਲੋਂ ਪੈਸੇ ਕਢਵਾਉਣ ਦੇ ਮੈਸੇਜ ਵੀ ਮਿਲ ਰਹੇ ਸਨ, ਪਰੰਤੂ ਫੋਨ ਵਿੱਚ ਬਿਜ਼ੀ ਹੋਣ ਦੇ ਕਾਰਨ ਉਹ ਬੈਂਕ ਵੱਲੋਂ ਆ ਰਹੇ ਮੈਸੇਜ ਨਹੀਂ ਦੇਖ ਸਕਿਆ।

## 21 ਲੱਖ ਖਰਚ ਕਰਵਾ ਕੇ ਨਿਊਜ਼ੀਲੈਂਡ ਪੁੱਜੀ ਪਤਨੀ ਨੇ ਰਿਸ਼ਤਾ ਤੋੜ ਲਿਆ

ਨਥਾਣਾ (ਬਠਿੰਡਾ), 30 ਸਤੰਬਰ (ਪੋਸਟ ਬਿਊਰੋ)- ਬਠਿੰਡਾ ਵਿੱਚ ਪੁਲਸ ਨੇ ਇੱਕ ਅਜਿਹਾ ਮਾਮਲਾ ਦਰਜ ਕੀਤਾ ਹੈ, ਜਿਸ ਵਿੱਚ ਠੱਗੀ ਕਰਨ ਵਾਲਾ ਕੋਈ ਹੋਰ ਨਹੀਂ, ਬਲਕਿ ਪੀੜਤ ਨੌਜਵਾਨ ਦੀ ਪਤਨੀ ਹੈ। ਉਸ ਨੇ ਆਪਣੇ ਪਤੀ ਨੂੰ ਝਾਂਸਾ ਦਿੱਤਾ ਕਿ ਉਹ ਸਟੱਡੀ ਵੀਜ਼ਾ 'ਤੇ ਨਿਊਜ਼ੀਲੈਂਡ ਚਲੀ ਜਾਏਗੀ। ਬਾਅਦ ਵਿੱਚ ਉਥੋਂ ਦੀ ਨਾਗਰਿਕਤਾ ਹਾਸਲ ਕਰ ਕੇ ਉਸ ਨੂੰ ਬੁਲਾ ਲਵੇਗੀ। ਪੀੜਤ ਨੌਜਵਾਨ ਨੇ 21 ਲੱਖ ਰੁਪਏ ਖਰਚ ਕਰ ਕੇ ਉਸ ਨੂੰ ਵਿਦੇਸ਼ ਭੇਜਿਆ, ਪਰੰਤੂ ਉਥੇ ਪਹੁੰਚਣ ਦੇ ਕਰੀਬ ਇੱਕ ਮਹੀਨੇ ਦੇ ਬਾਅਦ ਉਸ ਨੇ ਆਪਣੇ ਪਤੀ ਤੇ ਸਹੁਰਿਆਂ ਨਾਲੋਂ ਰਿਸ਼ਤਾ ਤੋੜ ਲਿਆ। ਮਨਦੀਪ ਸਿੰਘ ਪਿੰਡ ਮਾੜੀ ਨੇ ਦੱਸਿਆ ਕਿ ਉਸ ਦਾ ਵਿਆਹ ਨੌਂ ਅਕਤੂਬਰ 2017 ਨੂੰ ਕੰਵਰ ਦਵਿੰ-ਦਰ ਕੌਰ ਵਾਸੀ ਨੇਹੀਆਂਵਾਲਾ ਨਾਲ ਹੋਇਆ ਸੀ। ਉਹ ਸਟੱਡੀ ਵੀਜ਼ਾ 'ਤੇ



ਨਿਊਜ਼ੀਲੈਂਡ ਜਾਣਾ ਚਾਹੁੰਦੀ ਸੀ। ਪਰਵਾਰ ਦੀ ਸਹਿਮਤੀ ਉੱਤੇ ਮਨਦੀਪ ਨੇ ਕਰੀਬ 21 ਲੱਖ ਰੁਪਏ ਖਰਚ ਕਰ ਕੇ ਕੰਵਰ ਦਵਿੰਦਰ ਕੌਰ ਨੂੰ ਇਸ ਸਾਲ ਚਾਰ ਫਰਵਰੀ ਨੂੰ ਸਟੱਡੀ ਵੀਜ਼ਾ 'ਤੇ ਨਿਊਜ਼ੀਲੈਂਡ ਭੇਜ ਦਿੱਤਾ। ਮਨਦੀਪ ਦਾ ਵੱਡਾ ਭਰਾ ਮਨਪ੍ਰੀਤ ਸਿੰਘ ਤੇ ਭਰਜਾਈ ਸਿੰਬਲਜੀਤ ਕੌਰ ਪਹਿਲਾਂ ਤੋਂ ਨਿਊਜ਼ੀਲੈਂਡ ਵਿੱਚ ਰਹਿ ਰਹੇ ਹਨ। ਕੰਵਰ ਦਵਿੰਦਰ ਨੇ ਨਿਊਜ਼ੀਲੈਂਡ ਪਹੁੰਚਦੇ ਸਾਰ ਆਪਣੀ ਰਿਹਾਇਸ਼ ਬਦਲ ਲਈ। ਜਦ ਭਰਾ-ਭਰਜਾਈ ਨੇ ਮਕਾਨ ਬਦਲਣ ਬਾਰੇ ਪੁੱਛਿਆ ਤਾਂ ਉਸ ਨੇ ਉਨ੍ਹਾਂ 'ਤੇ ਕੇਸ ਦਰਜ ਕਰਾਉਣ ਦੀ ਧਮਕੀ ਦਿੱਤੀ ਅਤੇ ਕਿਹਾ ਕਿ ਉਸ ਨੇ ਕਿਸੇ ਨਾਲ ਕੋਈ ਸੰਬੰਧ ਨਹੀਂ ਰੱਖਣਾ। ਉਸ ਨੂੰ ਧਮਕੀ ਦਿੱਤੀ ਕਿ ਜੇ ਉਸ ਨੂੰ ਤੰਗ ਕੀਤਾ ਤਾਂ ਉਹ ਉਸ 'ਤੇ ਕੇਸ ਦਰਜ ਕਰਵਾ ਦੇਵੇਗੀ। ਇਸ ਦੇ ਬਾਅਦ ਉਸ ਨੇ ਮਨਦੀਪ ਦਾ ਫੋਨ ਵੀ ਚੁੱਕਣਾ ਬੰਦ ਕਰ ਦਿੱਤਾ।

ਮਨਦੀਪ ਨੇ ਦੱਸਿਆ ਕਿ ਸਹੁਰੇ ਜਗਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ ਸਪੱਸ਼ਟ ਜਵਾਬ ਨਹੀਂ ਦਿੱਤਾ। ਇਸ ਧੋਖਾਧੜੀ ਦੀ ਸ਼ਿਕਾਇਤ ਐੱਸ ਐੱਸ ਪੀ ਨੂੰ ਦਿੱਤੀ। ਮਾਮਲੇ ਦੀ ਜਾਂਚ ਡੀ ਐੱਸ ਪੀ ਭੁੱਚੋ ਨੂੰ ਸੌਂਪੀ ਗਈ। ਪੁਲਸ ਨੇ ਕੰਵਰਦਵਿੰਦਰ ਕੌਰ ਅਤੇ ਜਗਸੀਰ ਸਿੰਘ ਦੇ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ।

## ਜਲੰਧਰ ਦੇ ਰਿਹਾਇਸ਼ੀ ਇਲਾਕੇ ਵਿੱਚ ਸਪੋਰਟਸ ਫੈਕਟਰੀ 'ਚ ਅੱਗ ਲੱਗੀ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਬਸਤੀ ਸ਼ੇਖ ਦੇ ਰਿਹਾਇਸ਼ੀ ਇਲਾਕੇ ਗਣੇਸ਼ ਨਗਰ ਵਿਚਲੀ ਸਪੋਰਟਸ ਕਿੱਟ ਬਣਾਉਣ ਵਾਲੀ ਫੈਕਟਰੀ ਨਾਰਦਨ ਗੁੱਡਸ 'ਚ ਕੱਲ੍ਹ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਅੱਗ ਲੱਗਣ ਦੀ ਖਬਰ ਮਿਲਣ 'ਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪੁੱਜੀ ਅਤੇ 25 ਗੱਡੀਆਂ ਦੀ ਮਦਦ ਨਾਲ ਕਰੀਬ ਸਾਢੇ ਪੰਜ ਘੰਟੇ 'ਚ ਅੱਗ 'ਤੇ ਕਾਬੂ ਪਾਇਆ।

ਦੱਸਿਆ ਜਾ ਰਿਹਾ ਹੈ ਕਿ ਸਵੇਰੇ ਕਰੀਬ 12 ਵਜੇ ਇਲਾਕੇ 'ਚ ਬਿਜਲੀ ਚੱਲੀ ਗਈ ਸੀ। 12.30 ਵਜੇ ਦੇ ਕਰੀਬ ਬਿਜਲੀ ਆਈ ਤਾਂ ਫੈਕਟਰੀ ਵਿੱਚ ਬਿਜਲੀ ਦੀਆਂ ਤਾਰਾਂ 'ਚੋਂ ਚੰਗਿਆਰੀ ਨਿਕਲਣ ਲੱਗੀ ਅਤੇ ਦੇਖਦੇ ਹੀ ਦੇਖਦੇ ਅੱਗ ਭੜਕ ਉਠੀ। ਫੈਕਟਰੀ 'ਚ ਸਪੋਰਟਸ ਦਾ ਸਾਮਾਨ ਰੱਖਣ ਵਾਲੀ ਕਿੱਟ ਬੈਗ ਬਣਾਈ ਜਾਂਦੀ ਸੀ।



ਕਿੱਟ ਬੈਗ ਬਣਾਉਣ ਲਈ ਇਸਤੇਮਾਲ ਵਿੱਚ ਆਉਣ ਵਾਲਾ ਸਾਰਾ ਸਾਮਾਨ, ਜਿਸ 'ਚ ਕੈਮੀਕਲ ਵੀ ਸ਼ਾਮਲ ਹੈ, ਜਲਣਸ਼ੀਲ ਹੁੰਦਾ ਹੈ। ਅਜਿਹੇ 'ਚ ਅੰਦਰ ਪਏ ਸਾਮਾਨ ਨੇ ਪੈਟਰੋਲ ਦਾ ਕੰਮ ਕੀਤਾ। ਫੈਕਟਰੀ 'ਚ ਕਰੀਬ ਦਰਜਨ ਲੋਕ ਕੰਮ ਕਰ ਰਹੇ ਸਨ, ਜੋ ਅੱਗ ਲਗਾਉਂਦੇ ਹੀ ਬਾਹਰ ਭੱਜੇ। ਫੈਕਟਰੀ ਮਾਲਕ ਸੁਨੀਲ ਤਲਵਾੜ ਨੇ ਦੱਸਿਆ ਕਿ ਅੱਗ ਹੇਠਲੀ ਮੰਜ਼ਿਲ ਤੋਂ ਸ਼ੁਰੂ ਹੋਈ। ਉਨ੍ਹਾਂ ਦੱਸਿਆ ਕਿ ਅੱਗ ਨਾਲ ਲੱਖਾਂ ਦਾ ਨੁਕਸਾਨ ਹੋਇਆ ਹੈ। ਫਾਇਰ ਬ੍ਰਿਗੇਡ ਦੇ ਅਫਸਰ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਬਬਰੀਕ ਚੌਕ 'ਤੇ ਉਨ੍ਹਾਂ ਦਾ ਸਬ ਆਫਿਸ ਹੈ, ਜਿਥੋਂ ਜਲਦ ਪਾਣੀ ਦੀਆਂ ਗੱਡੀਆਂ ਪਹੁੰਚੀਆਂ। ਉਨ੍ਹਾਂ ਨੇ ਦੱਸਿਆ ਕਿ ਉਹ ਲੋਕ ਇਕ ਵਜੇ ਮੌਕੇ 'ਤੇ ਪਹੁੰਚ ਗਏ ਸਨ ਅਤੇ ਸ਼ਾਮ ਕਰੀਬ ਸਾਢੇ ਪੰਜ ਵਜੇ ਵਾਪਸ ਆਏ। ਉਨ੍ਹਾਂ ਦਾ ਕਹਿਣਾ ਸੀ ਕਿ ਫੈਕਟਰੀ 'ਚ ਅੱਗ ਇੰਨੀ ਭਿਆਨਕ ਸੀ ਕਿ ਸਾਰਾ ਸਾਮਾਨ ਹੀ ਸੜ ਕੇ ਰਾਖ ਹੋ ਗਿਆ।

## ਪੁਜਾਰੀ ਨੇ ਹੱਥ ਨਾ ਮਿਲਾਇਆ ਤਾਂ ਇੱਟ ਮਾਰ ਕੇ ਮਾਰ ਦਿੱਤਾ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਕੱਲ੍ਹ ਦੇਰ ਸ਼ਾਮ ਨਿਊ ਸ਼ੀਤਲ ਨਗਰ ਵਿਚ ਮੰਦਰ ਦੇ ਪੁਜਾਰੀ ਦੇ ਸਿਰ ਉੱਤੇ ਇੱਟ ਮਾਰ ਕੇ ਇੱਕ ਨੌਜਵਾਨ ਨੇ ਉਸ ਦੀ ਹੱਤਿਆ ਕਰ ਦਿੱਤੀ। ਹੱਤਿਆ ਦਾ ਕਾਰਨ ਸਨਕੀ ਨੌਜਵਾਨ ਦੇ ਨਾਲ ਪੰਡਿਤ (ਪੁਜਾਰੀ) ਵੱਲੋਂ ਹੱਥ ਨਾ ਮਿਲਾਉਣਾ ਦੱਸਿਆ ਜਾ ਰਿਹਾ ਹੈ। ਪੁਲਸ ਨੇ ਕਾਤਲ ਨਵੀਨ ਕੁਮਾਰ ਪੁੱਤਰ ਮੋਹਣ ਲਾਲ ਸ਼ੀਤਲ ਨਗਰ ਨੂੰ ਗ੍ਰਿਫਤਾਰ ਕਰ ਕੇ ਥਾਣਾ-1 ਵਿੱਚ ਕਤਲ ਦਾ ਕੇਸ ਦਰਜ ਕਰ ਲਿਆ ਹੈ। ਏ ਐਸ ਆਈ ਹੀਰਾ ਸਿੰਘ ਨੇ ਦੱਸਿਆ ਕਿ ਸ਼ਾਮ ਵੇਲੇ ਰਾਧੇ ਕ੍ਰਿਸ਼ਨ ਮੰਦਰ ਦੇ ਪੁਜਾਰੀ ਦੇਵ ਕੁਮਾਰ ਨਿਊ ਸ਼ੀਤਲ ਨਗਰ ਵਿੱਚ ਨਿੱਜੀ ਕੰਮ ਵਾਸਤੇ ਆਏ ਸਨ। ਇਸੇ ਦੌਰਾਨ ਇੱਕ ਕਾਲਜ ਦੇ ਲਾਇਬਰੇਰੀਅਨ ਦਾ ਕੰਮ ਕਰਨ ਵਾਲਾ ਨਵੀਨ ਉਨ੍ਹਾਂ ਕੋਲ ਆਇਆ ਅਤੇ ਹੱਥ ਮਿਲਾਉਣ ਲਈ ਅੱਗੇ ਵਧਾਇਆ, ਪਰ ਪੰਡਿਤ ਨੇ ਹੱਥ ਨਹੀਂ ਮਿਲਾਇਆ। ਇਸੇ ਗੱਲ ਤੋਂ ਭੜਕੇ ਨੌਜਵਾਨ ਨੇ ਪੰਡਿਤ ਦਾ ਇਟ ਮਾਰ ਕੇ ਕਤਲ ਕਰ ਦਿੱਤਾ।

## ਪੁਲਸ ਨੇ ਤਿੰਨ ਜਣੇ ਮਾਓਵਾਦੀ ਕਹਿ ਕੇ ਫੜ੍ਹੇ, ਫਿਰ ਛੱਡਣੇ ਪਏ

ਬਠਿੰਡਾ, 30 ਸਤੰਬਰ (ਪੋਸਟ ਬਿਊਰੋ)- ਗੁਆਂਢੀ ਦੇਸ਼ ਵੱਲੋਂ ਪੰਜਾਬ ਵਿੱਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਨ ਤੇ ਡਰੋਨ ਨਾਲ ਹਥਿਆਰਾਂ ਦੀ ਸਪਲਾਈ ਪਿੱਛੋਂ ਖੁਫੀਆ ਏਜੰਸੀਆਂ ਨੇ ਕੁਝ ਖਾਲਿਸਤਾਨ ਪੱਖੀ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਸ ਤੋਂ ਬਾਅਦ ਪੰਜਾਬ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਇਸ ਦੌਰਾਨ ਬਠਿੰਡਾ ਪੁਲਸ ਨੇ ਪੱਛਮੀ ਬੰਗਾਲ ਤੋਂ ਆਏ ਮਾਰਕਸਵਾਦੀ ਪਾਰਟੀ (ਮਾਓਵਾਦੀ) ਦੇ ਦੋ ਆਗੂਆਂ ਨੂੰ ਅਤੇ ਉਨ੍ਹਾਂ ਨੂੰ ਲੈਣ ਆਏ ਬਠਿੰਡਾ ਦੇ ਸਮਰਥਕਾਂ ਨੂੰ ਵੀ ਕੱਲ੍ਹ ਤੜਕੇ ਗ੍ਰਿਫਤਾਰ ਕਰ ਲਿਆ। ਪੁਲਸ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਅਤੇ ਕੋਤਵਾਲੀ ਲੈ ਗਈ। ਬੇਸ਼ੱਕ ਉਨ੍ਹਾਂ ਕੋਲੋਂ ਕੁਝ ਨਹੀਂ ਮਿਲਿਆ, ਫਿਰ ਵੀ ਪੁਲਸ ਨੇ ਗਹਿਰਾਈ ਨਾਲ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ।

ਥਾਣਾ ਕੋਤਵਾਲੀ ਦੇ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਫੜੇ ਗਏ ਮਾਓਵਾਦੀਆਂ ਵਿੱਚ ਡਾਕਟਰ ਸੁਰੇਸ਼ ਬੈਨੇ (60), ਰਾਹੁਲ ਚੱਕਰਵਰਤੀ (50) ਤੋਂ ਇਲਾਵਾ ਬਠਿੰਡਾ ਦਾ ਲਾਜਪਤ ਰਾਏ (65) ਸ਼ਾਮਲ ਹਨ। ਜਦੋਂ ਇਨ੍ਹਾਂ ਦੇ ਸੰਗਠਨ



ਨਾਲ ਜੁੜੇ ਸਮਰਥਕਾਂ ਨੂੰ ਇਸ ਦੀ ਸੂਚਨਾ ਮਿਲੀ ਤਾਂ ਉਨ੍ਹਾਂ ਨੇ ਪੁਲਸ ਕਾਰਵਾਈ ਦਾ ਡਟ ਕੇ ਵਿਰੋਧ ਕੀਤਾ ਅਤੇ ਥਾਣੇ ਬਾਹਰ ਹੰਗਾਮਾ ਕੀਤਾ। ਦਬਾਅ ਵਿੱਚ ਆਈ ਪੁਲਸ ਨੇ ਇਨ੍ਹਾਂ ਤਿੰਨਾਂ ਉੱਤੇ ਮਾਮੂਲੀ ਧਾਰਾਵਾਂ ਦਾ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਐੱਸ ਡੀ ਐੱਮ ਕੋਰਟ ਬਠਿੰਡਾ ਵਿੱਚ ਪੇਸ਼ ਕੀਤਾ, ਜਿੱਥੇ ਉਨ੍ਹਾਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਥਾਣਾ ਮੁਖੀ ਨੇ ਦੱਸਿਆ ਕਿ ਲਾਜਪਤ ਰਾਏ ਆਪਣੀ ਬੇਟੀ ਨਾਲ ਇਨ੍ਹਾਂ ਦੋਵਾਂ ਮਾਓਵਾਦੀਆਂ ਨੂੰ ਲੈਣ ਸਟੇਸ਼ਨ ਗਿਆ ਸੀ, ਜਿੱਥੇ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਲਾਜਪਤ ਰਾਏ ਉੱਤੇ ਲੁਧਿਆਣਾ ਅਤੇ ਫਿਲੌਰ 'ਚ ਗੈਰ ਕਾਨੂੰਨੀ ਐਕਟੀਵਿਟੀ ਦਾ ਕੇਸ ਦਰਜ ਸੀ, ਜਿਸ 'ਚੋਂ ਉਹ ਬਰੀ ਹੋ ਚੁੱਕਾ ਹੈ।

### ਫਾਦਰ ਐਂਥਨੀ ਕੇਸ

## ਨਿਰਮਲ ਸਿੰਘ ਤੇ ਸੁਰਿੰਦਰਪਾਲ ਦੇ ਘਰਾਂ ਅੱਗੇ ਇਸ਼ਤਿਹਾਰ ਥੱਪ ਦਿੱਤੇ ਗਏ

ਐਸ ਏ ਐਸ ਨਗਰ, 30 ਸਤੰਬਰ (ਪੋਸਟ ਬਿਊਰੋ)- ਜਲੰਧਰ ਦੇ ਪਾਦਰੀ ਐਂਥਨੀ ਦੇ ਘਰ ਛਾਪੇ ਵਿੱਚ ਖੰਨੇ ਦੀ ਪੁਲਸ ਵੱਲੋਂ ਰਿਕਵਰੀ ਤੋਂ ਬਾਅਦ 6 ਕਰੋੜ 65 ਲੱਖ ਰੁਪਏ ਖੁਰਦ-ਬੁਰਦ ਕਰਨ ਦੇ ਕੇਸ ਵਿੱਚ ਫਰਾਰ ਦੋ ਮੁਲਜ਼ਮਾਂ ਨਿਰਮਲ ਸਿੰਘ ਅਤੇ ਸੁਰਿੰਦਰਪਾਲ ਨੂੰ ਭਗੌੜਾ ਕਰਾਰ ਦੇਣ ਦੀ ਕਾਰਵਾਈ ਸ਼ੁਰੂ ਕਰ ਕੇ ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਦੇ ਹੁਕਮਾਂ ਉੱਤੇ ਦੋਵਾਂ ਮੁਲਜ਼ਮਾਂ ਦੇ ਘਰਾਂ ਦੇ ਬਾਹਰ ਇਸ਼ਤਿਹਾਰ ਚਿਪਕਾਉਣ ਦਾ ਹੁਕਮ ਦਿੱਤਾ ਹੈ।

ਪਤਾ ਲੱਗਾ ਹੈ ਕਿ ਸਟੇਟ ਕ੍ਰਾਈਮ ਸੈਲ ਨੇ ਇਸ ਕੇਸ 'ਚ ਅਮਨਦੀਪ ਸਿੰਘ ਕੰਬੋਜ ਵਾਸੀ ਚੀਮਾ ਬਾਗ ਸਨੌਰ ਰੋਡ (ਪਟਿਆਲਾ), ਗੁਰਵਿੰਦਰ ਸਿੰਘ ਉਰਫ ਗੈਰੀ ਪਿੰਡ ਭੱਟੀਆਂ (ਪਟਿਆਲਾ), ਏ ਐਸ ਆਈ ਜੋਗਿੰ-ਦਰ ਸਿੰਘ, ਏ ਐਸ ਆਈ ਰਾਜਪ੍ਰੀਤ ਸਿੰਘ, ਏ ਐਸ ਆਈ ਦਿਲਬਾਗ ਸਿੰਘ, ਹੌਲਦਾਰ ਅਮਰੀਕ ਸਿੰਘ, ਮੁਖਬਰ ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਮੁਹੰਮਦ ਸ਼ਕੀਲ, ਸੰਜੀਵ ਕੁਮਾਰ, ਦਵਿੰਦਰ ਕੁਮਾਰ ਉਰਫ ਕਾਲਾ ਆੜ੍ਹਤੀਆ, ਨਿਰਮਲ ਸਿੰਘ, ਸੁਰਿੰਦਰਪਾਲ ਸ਼ਰਮਾ ਚਿੱੜੀ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਖਿਲਾਫ ਅਦਾਲਤ 'ਚ ਚਾਰਜਸ਼ੀਟ ਦਾਖਲ ਕੀਤੀ ਹੈ, ਪ੍ਰੰਤੂ ਉਕਤ ਸਾਰਿਆਂ ਦੇ ਖਿਲਾਫ ਹਾਲੇ ਤੱਕ ਦੋਸ਼ ਤੈਅ ਨਹੀਂ ਹੋਏ। ਅਦਾਲਤ ਦੇ ਹੁਕਮ ਦੇ ਬਾਅਦ ਨਿਰਮਲ ਸਿੰਘ ਅਤੇ ਸੁਰਿੰਦਰਪਾਲ ਸਿੰਘ ਦੇ ਘਰਾਂ ਮੂਹਰੇ ਇਸ਼ਤਿਹਾਰ ਲਾਉਣ ਦੀ ਕਾਰਵਾਈ ਵੀ ਪੁਲਸ ਨੇ ਸਿਰੇ ਚਾੜ੍ਹ ਦਿੱਤੀ ਹੈ।

## ਪੰਜਾਬ 'ਚ ਸਰਕਾਰਾਂ ਹੀ 'ਮਾਂ ਬੋਲੀ' ਦੀਆਂ ਦੋਖੀ ਬਣੀਆਂ

ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਮਾਂ ਬੋਲੀ ਪੰਜਾਬੀ ਦੀਆਂ ਦੋਖੀ ਹਨ ਅਤੇ ਇਹ ਖੁਲਾਸਾ ਹੋਇਆ ਹੈ ਕਿ ਸੂਬੇ ਦੀਆਂ ਅਦਾਲਤਾਂ ਵਿੱਚ ਕਲ ਤੱਕ ਪੰਜਾਬੀ ਭਾਸ਼ਾ ਲਾਗੂ ਨਾ ਹੋਣ ਲਈ ਮੁੱਖ ਤੌਰ 'ਤੇ ਪਿਛਲੀ ਬਾਦਲ ਸਰਕਾਰ ਅਤੇ ਮੌਜੂਦਾ ਕੈਪਟਨ ਸਰਕਾਰ ਜ਼ਿੰਮੇਵਾਰ ਹਨ।

ਜਾਣਕਾਰੀ ਅਨੁਸਾਰ ਪਿਛਲੀ ਬਾਦਲ ਸਰਕਾਰ ਨੇ 'ਪੰਜਾਬ ਭਾਸ਼ਾ ਸੋਧ ਐਕਟ 2008' ਬਣਾ ਕੇ ਭਾਵੇਂ ਮਾਂ ਬੋਲੀ ਪੰਜਾਬੀ ਦੇ ਹੱਕ ਵਿੱਚ ਅਹਿਮ ਸੋਧਾਂ ਕੀਤੀਆਂ ਸਨ ਪਰ ਇਨ੍ਹਾਂ ਉਪਰ ਅਮਲ ਨਾ ਹੋਣ ਕਰਕੇ ਸੂਬੇ ਦੀਆਂ ਅਦਾਲਤਾਂ ਵਿੱਚ ਪੰਜਾਬੀ ਭਾਸ਼ਾ ਵਿੱਚ ਅੱਜ ਤੱਕ ਕੰਮ ਸ਼ੁਰੂ ਨਹੀਂ ਹੋ ਸਕਿਆ। ਸਾਲ 2008 ਦੇ ਸੋਧ ਐਕਟ ਦੀ ਧਾਰਾ 3-ਏ ਤਹਿਤ ਸੂਬੇ ਦੀਆਂ ਸਾਰੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਦੀ ਕਾਨੂੰਨੀ ਪ੍ਰਕਿਰਿਆ ਅਤੇ ਉਨ੍ਹਾਂ ਵੱਲੋਂ ਸੁਣਾਏ ਜਾਂਦੇ ਫੈਸਲੇ ਆਦਿ ਪੰਜਾਬੀ ਭਾਸ਼ਾ ਵਿੱਚ ਲਿਖਣਾ ਲਾਜ਼ਮੀ ਕੀਤਾ ਗਿਆ ਸੀ। ਪੰਜਾਬ ਹਰਿਆਣਾ ਹਾਈ ਕੋਰਟ ਦੇ ਪ੍ਰਸ਼ਾਸਨ ਨੇ ਇਸ ਐਕਟ ਹੇਠ ਜ਼ਿਲ੍ਹਾ ਅਦਾਲਤਾਂ ਵਿੱਚ ਪੰਜਾਬੀ ਲਾਗੂ ਕਰਨ ਲਈ ਸਹਿਮਤੀ ਦੇ ਦਿੱਤੀ ਸੀ ਅਤੇ ਸਤੰਬਰ 2009 ਵਿੱਚ ਉਸ ਵੇਲੇ ਸੂਬੇ ਦੀਆਂ ਸਮੂਹ 493 ਲਈ ਪੰਜਾਬੀ ਭਾਸ਼ਾ ਵਿੱਚ ਕੰਮ ਕਰਨ ਦੇ ਸਮਰੱਥ 1479 ਮੁਲਾਜ਼ਮਾਂ (ਜੱਜਮੈਂਟ ਰਾਈਟਰ, ਸਟੈਨੋਗ੍ਰਾਫਰ ਤੇ ਟਰਾਂਸਲੇਟਰ ਆਦਿ) ਨੂੰ ਅਦਾਲਤਾਂ ਵਿੱਚ ਤਾਇਨਾਤ ਤਰਨ ਲਈ ਕਿਹਾ ਗਿਆ ਸੀ। ਹਾਈ ਕੋਰਟ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਨੂੰ ਅਦਾਲਤਾਂ ਵਿੱਚ ਲਾਗੂ ਕਰਨ ਲਈ ਸੂਬਾ ਸਰਕਾਰ ਨੂੰ ਲੋੜੀਂਦੇ ਸਟਾਫ ਦੇਣ ਵਾਸਤੇ ਅੱਜ ਤੱਕ ਕਈ ਯਾਦ ਪੱਤਰ ਵੀ ਭੇਜੇ ਗਏ, ਪਰ ਨਾ ਬਾਦਲ ਸਰਕਾਰ ਅਤੇ ਨਾ ਕੈਪਟਨ ਸਰਕਾਰ ਨੇ ਇਸ ਸਬੰਧੀ ਕੋਈ ਪ੍ਰਬੰਧ ਕੀਤਾ ਹੈ।

## ਜੀਜਾ-ਸਾਲਾ ਸਣੇ ਗੱਡੀਆਂ ਲੁੱਟਣ ਵਾਲੇ ਸੱਤ ਖਿਲਾਫ ਕੇਸ ਦਰਜ

ਭੋਗਪੁਰ, 30 ਸਤੰਬਰ (ਪੋਸਟ ਬਿਊਰੋ)- ਜਲੰਧਰ ਜ਼ਿਲੇ ਦੇ ਭੋਗਪੁਰ ਦੀ ਪੁਲਸ ਚੌਕੀ ਪਚਰੰਗਾ ਦੇ ਇੰਚਾਰਜ ਸੁਖਜੀਤ ਸਿੰਘ ਬੈਂਸ ਨੇ ਇੱਕ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਵੱਖ-ਵੱਖ ਸੂਬਿਆਂ 'ਚੋਂ ਧੋਖਾਦੇਹੀ ਨਾਲ ਗੱਡੀਆਂ ਲੁੱਟ ਕੇ ਜੰਮੂ-ਕਸ਼ਮੀਰ ਵਿੱਚ ਵੇਚਣ ਵਾਲੇ ਗੈਂਗ ਦਾ ਪਰਦਾ ਫਾਸ਼ ਕਰਦਿਆਂ ਜੀਜਾ-ਸਾਲਾ ਸਮੇਤ ਸੱਤ ਲੋਕਾਂ ਜਣਿਆਂ ਉੱਤੇ ਕੇਸ ਦਰਜ ਕਰ ਕੇ ਦੋ ਜਣਿਆਂ ਨੂੰ ਲੁੱਟੀ ਗਈ ਇਨੋਵਾ ਸਮੇਤ ਗ੍ਰਿਫਤਾਰ ਕਰ ਲਿਆ ਹੈ। ਇਸ ਸੰਬੰਧ ਵਿੱਚ ਪੁਲਸ ਵੱਲੋਂ ਥਾਣਾ ਭੋਗਪੁਰ ਵਿੱਚ ਦਰਜ ਕੀਤੇ ਗਏ ਕੇਸ ਮੁਤਾਬਕ ਪੁਲਸ ਚੌਕੀ ਪਚਰੰਗਾ ਦੇ ਇੰਚਾਰਜ ਸੁਖਜੀਤ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਨੇ ਚੌਕੀ ਦੀ ਪੁਲਸ ਪਾਰਟੀ ਅਤੇ ਹਾਈਵੇ ਪੈਟਰੋਲਿੰਗ ਦੇ ਥਾਣੇਦਾਰ ਰਣਜੀਤ ਸਿੰਘ ਨਾਲ ਅੱਡਾ ਪਚਰੰਗਾ ਵਿੱਚ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਕਿ ਮਹਿੰਦਰ ਸ਼ਰਮਾ ਪੁੱਤਰ ਭਗਵੰਤ ਪ੍ਰਸਾਦ ਵਾਸੀ ਦਿੱਲੀ, ਜੋ ਗੱਡੀਆਂ ਲੁੱਟਣ ਵਾਲੇ ਗੈਂਗ ਦਾ ਲੀਡਰ ਹੈ ਤੇ ਜਿਸ ਦੇ ਸਾਥੀ ਸੰਜੀਵ ਕਪੂਰ ਪੁੱਤਰ ਅਸ਼ੋਕ ਕਪੂਰ, ਲਲਿਤ ਕੁਮਾਰ ਪੁੱਤਰ ਗੋਕਲ ਪ੍ਰਸਾਦ, ਸੌਰਭ ਤੇ ਰਾਹੁਲ (ਦਿੱਲੀ ਵਾਸੀ) ਅਤੇ ਇਨ੍ਹਾਂ ਦੇ ਨਾਲ ਮੁਹੰਮਦ ਇਫਤਿਆਕ ਅਤੇ ਉਸ ਦਾ ਜੀਜਾ ਮੁਹੰਮਦ ਜਾਫਰ ਦੋਵੇਂ ਵਾਸੀ ਲਾਲ ਚੌਕ ਸ੍ਰੀਨਗਰ ਹਨ। ਇਹ ਗੈਂਗ ਦਿੱਲੀ ਅਤੇ ਯੂ ਪੀ ਦੇ ਸ਼ਹਿਰਾਂ ਵਿੱਚੋਂ ਜੰਮੂ ਵੱਲ ਜਾਣ ਦੇ ਬਹਾਨੇ ਗੱਡੀਆਂ ਕਿਰਾਏ 'ਤੇ ਲੈਂਦਾ ਹੈ ਅਤੇ ਰਸਤੇ ਵਿੱਚ ਗੱਡੀ ਦੇ ਡਰਾਈਵਰ ਨੂੰ ਕੋਲਡ ਡਰਿੰਕ ਵਿੱਚ ਨਸ਼ੇ ਵਾਲੀ ਵਸਤੂ ਮਿਲਾ ਕੇ ਪਿਲਾਉਣ ਪਿੱਛੋਂ ਬੇਹੋਸ਼ ਕਰ ਕੇ ਡਰਾਈਵਰ ਨੂੰ ਗੱਡੀ ਵਿੱਚੋਂ ਬਾਹਰ ਸੁੱਟ ਕੇ ਲੁੱਟੀ ਹੋਈ ਗੱਡੀ ਸਮੇਤ ਫਰਾਰ ਹੋ ਜਾਂਦੇ ਹਨ ਤੇ ਇਨ੍ਹਾਂ ਗੱਡੀਆਂ ਨੂੰ ਮੁਹੰਮਦ ਇਫਤਿਆਕ ਅਤੇ ਉਸ ਦਾ ਜੀਜਾ ਮੁਹੰਮਦ ਜਾਫਰ ਦੋਵੇਂ ਸ੍ਰੀਨਗਰ ਵਿੱਚ ਜਾ ਕੇ ਵੇਚ ਦਿੰਦੇ ਹਨ। ਸ਼ੁੱਕਰਵਾਰ ਸ਼ਾਮ ਇਨ੍ਹਾਂ ਨੇ ਇੱਕ ਇਨੋਵਾ ਗੱਡੀ ਮੁਰਾਦਾਬਾਦ ਤੋਂ ਜੰਮੂ ਜਾਣ ਲਈ ਕਿਰਾਏ 'ਤੇ ਕੀਤੀ ਸੀ। ਤੜਕਸਾਰ ਜਦੋਂ ਇਹ ਗੱਡੀ ਸ਼ੰਭੂ ਬਾਰਡਰ ਕੋਲ ਪੁੱਜੀ ਤਾਂ ਗੱਡੀ ਵਿੱਚ ਸਵਾਰ ਮੁਲਜ਼ਮਾਂ ਨੇ ਡਰਾਈਵਰ ਨੂੰ ਕੋਲਡ ਡਰਿੰਕ ਵਿੱਚ ਨਸ਼ੇ ਵਾਲੀ ਵਸਤੂ ਪਿਲਾ ਕੇ ਉਸ ਨੂੰ ਗੱਡੀ ਤੋਂ ਬਾਹਰ ਸੁੱਟ ਦਿੱਤਾ ਅਤੇ ਲੁੱਟੀ ਹੋਈ ਗੱਡੀ ਲੈ ਕੇ ਜੰਮੂ ਜਾ ਰਹੇ ਹਨ। ਇਸ ਦੀ ਸੂਹ ਮਿਲਣ ਉੱਤੇ ਸੱਤਾਂ ਦੇ ਖਿਲਾਫ ਥਾਣਾ ਭੋਗਪੁਰ ਵਿੱਚ ਕੇਸ ਦਰਜ ਕਰ ਕੇ ਅੱਡਾ ਪਚਰੰਗਾ ਵਿੱਚ ਨਾਕਾਬੰਦੀ ਸ਼ੁਰੂ ਕਰ ਦਿੱਤੀ। ਚੌਕੀ ਇੰਚਾਰਜ ਸੁਖਜੀਤ ਸਿੰਘ ਬੈਂਸ ਅਤੇ ਹਾਈਵੇ ਪੈਟਰੋਲਿੰਗ ਗੱਡੀ ਵੱਲੋਂ ਹਾਈਵੇ 'ਤੇ ਢਾਬਿਆਂ 'ਤੇ ਚੈਕਿੰਗ ਵੀ ਸ਼ੁਰੂ ਕੀਤੀ। ਜਦੋਂ ਪੁਲਸ ਭੋਗਪੁਰ ਨੇੜੇ ਪਿੰਡ ਸੱਧਾ ਚੱਕ ਦੇ ਦੀਪ ਢਾਬੇ 'ਤੇ ਪੁੱਜੀ ਤਾਂ ਇੱਕ ਗੱਡੀ ਵਾਲੇ ਲੋਕ ਢਾਬੇ ਦੇ ਬਾਹਰ ਹੋਈ ਗੱਡੀ ਨੂੰ ਪੰਕਚਰ ਲਵਾ ਰਹੇ ਸਨ। ਪੁਲਸ ਨੇ ਗੱਡੀ ਵਿੱਚ ਬੈਠੇ ਲੁਟੇਰਾ ਗੈਂਗ ਦੇ ਦੋ ਮੈਂਬਰਾਂ ਸੰਜੀਵ ਕਪੂਰ ਅਤੇ ਲਲਿਤ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਗੈਂਗ ਦਾ ਸਰਗਣਾ ਮਹਿੰਦਰ ਸ਼ਰਮਾ ਪੁੱਤਰ ਭਗਵੰਤ ਪ੍ਰਸਾਦ ਫਰਾਰ ਹੋਣ ਵਿੱਚ ਸਫਲ ਹੋ ਗਿਆ।



## ਤੁਸ਼ਾਰ ਗਾਂਧੀ ਨੇ ਪੁੱਛਿਆ

# ਕੀ ਡੋਨਾਲਡ ਟਰੰਪ ਖੁਦ ਨੂੰ ਜਾਰਜ ਵਾਸ਼ਿੰਗਟਨ ਦੱਸਣਗੇ

ਮੁੰਬਈ, 30 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੇਸ਼ੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰਾਸ਼ਟਰ ਪਿਤਾ ਕਿਹਾ ਹੋਵੇ, ਪਰ ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਇਸ ਨਾਲ ਸਹਿਮਤ ਨਹੀਂ। ਉਨ੍ਹਾਂ ਨੇ ਹੈਰਾਨੀ ਨਾਲ ਸਵਾਲ ਕੀਤਾ ਕਿ ਕੀ ਅਮਰੀਕਾ ਦੇ ਰਾਸ਼ਟਰਪਤੀ ਖੁਦ ਨੂੰ ਜਾਰਜ ਵਾਸ਼ਿੰਗਟਨ ਦੱਸਣਗੇ?



ਤੁਸ਼ਾਰ ਗਾਂਧੀ ਨੇ ਇਹ ਵੀ ਕਿਹਾ ਕਿ ਮਹਾਤਮਾ ਗਾਂਧੀ ਦੀ 150ਵੀਂ ਜਯੰਤੀ ਨੂੰ ਵੱਡੇ ਪੱਧਰ ਉੱਤੇ ਮਨਾਉਣ ਦੀ ਸਰਕਾਰ ਦੀ ਯੋਜਨਾ ਸਿਰਫ ਸੰਕੇਤਿਕ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਨੇ ਪਿਛਲੇ ਹਫਤੇ ਮੋਦੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਸੀ, ਮੈਨੂੰ ਯਾਦ ਹੈ ਭਾਰਤ ਪਹਿਲਾਂ ਕਾਫੀ ਵੰਡਿਆ ਹੋਇਆ ਸੀ। ਕਾਫੀ ਬੇਚੈਨੀ ਸੀ, ਲੜਾਈ ਸੀ ਅਤੇ ਉਨ੍ਹਾਂ (ਮੋਦੀ) ਨੇ ਸਭ ਨੂੰ ਇਕਜੁਟ ਕੀਤਾ, ਜਿਵੇਂ ਇੱਕ ਪਿਤਾ ਕਰਦਾ ਹੈ। ਹੋ ਸਕਦਾ ਹੈ ਕਿ ਉਹ ਰਾਸ਼ਟਰ ਪਿਤਾ ਹੋਣ। ਟਰੰਪ ਦੇ ਬਿਆਨ 'ਤੇ ਤੁਸ਼ਾਰ ਗਾਂਧੀ ਨੇ ਕਿਹਾ, ਜਿਨ੍ਹਾਂ ਲੋਕਾਂ ਨੂੰ ਨਵਾਂ ਫਾਦਰ ਆਫ ਨੇਸ਼ਨ ਚਾਹੀਦਾ ਹੈ, ਉਨ੍ਹਾਂ ਦਾ ਸਵਾਗਤ ਹੈ, ਟਰੰਪ ਇਹ ਵੀ ਚਾਹੁਣਗੇ ਕਿ ਜਾਰਜ ਵਾਸ਼ਿੰਗਟਨ (ਅਮਰੀਕਾ ਦੇ ਮੋਢੀਆਂ ਵਿੱਚੋਂ ਇੱਕ) ਦੀ ਜਗ੍ਹਾ ਖੁਦ ਨੂੰ ਰੱਖ ਲੈਣ। ਭਾਰਤ ਵਿੱਚ ਕੱਟੜਪੰਥੀਆਂ ਦੇ ਇੱਕ ਧੜੇ ਵੱਲੋਂ ਨੱਥੂਰਾਮ ਗੋਡਸੇ ਦਾ ਗੌਰਵ ਗਾਣ ਕਰਨ ਬਾਰੇ ਪੁੱਛੇ ਜਾਣ 'ਤੇ ਤੁਸ਼ਾਰ ਗਾਂਧੀ ਨੇ ਕਿਹਾ, ਸਮਾਂ ਇਸ ਗੱਲ ਦਾ ਮੁੱਲਾਂਕਣ ਕਰੇਗਾ ਕਿ ਕੀ ਚੰਗਾ ਹੈ। ਜੋ ਲੋਕ ਨਫਰਤ ਅਤੇ ਹਿੰਸਾ ਦੀ ਪੂਜਾ ਕਰਦੇ ਹਨ ਉਹ ਗੋਡਸੇ ਦੀ ਪ੍ਰਸ਼ੰਸਾ ਕਰ ਸਕਦੇ ਹਨ। ਉਨ੍ਹਾਂ ਬਾਰੇ ਮੈਨੂੰ ਕੋਈ ਸ਼ਿਕਾਇਤ ਨਹੀਂ ਹੈ। ਇਹ ਉਨ੍ਹਾਂ ਦਾ ਅਧਿਕਾਰ ਹੈ, ਜਿਵੇਂ ਕਿ ਬਾਪੂ ਦੀ ਪੂਜਾ ਕਰਨਾ ਮੇਰਾ ਅਧਿਕਾਰ ਹੈ। ਮੈਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ।

# ਭਾਰਤ ਵਿੱਚ ਨਿਯਮਾਂ ਤੋਂ ਬਗੈਰ ਉਡਦੇ ਨੇ ਛੇ ਲੱਖ ਤੋਂ ਵੱਧ ਡਰੋਨ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਛੇ ਲੱਖ ਤੋਂ ਵੱਧ ਬਿਨਾਂ ਨਿਯਮ ਵਾਲੇ ਯੂ ਏ ਵੀ (ਡਰੋਨ) ਚੱਲ ਰਹੇ ਹਨ, ਜੋ ਸੁਰੱਖਿਆ ਏਜੰਸਆਂ ਲਈ ਚੁਣੌਤੀ ਹਨ। ਅੱਤਵਾਦੀ ਵੀ ਹਮਲੇ ਲਈ ਡਰੋਨ ਵਰਤਣ ਲੱਗ ਪਏ ਹਨ। ਇਸ ਨਾਲ ਨਿਪਟਣ ਲਈ ਏਜੰਸੀਆਂ ਕੋਸ਼ਿਸ਼ਾਂ ਵਿੱਚ ਲੱਗੀਆਂ ਹੋਈਆਂ ਹਨ।

ਜਾਣਕਾਰ ਸੂਤਰਾਂ ਮੁਤਾਬਕ ਕੇਂਦਰੀ ਏਜੰਸੀਆਂ ਨੇ ਇਸ ਦੀ ਇੱਕ ਅਧਿਕਾਰਕ ਰੂਪ ਰੇਖਾ ਬਣਾਈ ਹੈ। ਇਸ ਵਿੱਚ ਦੱਸਿਆ ਹੈ ਕਿ ਬਿਨਾਂ ਨਿਯਮਾਂ ਵਾਲੇ ਡਰੋਨ, ਯੂ ਏ ਵੀ ਅਤੇ ਰਿਮੋਟ ਕੰਟਰੋਲ ਸਿਸਟਮ ਮਹੱਤਵ ਪੂਰਨ ਟਿਕਾਣਿਆਂ ਅਤੇ ਸੰਵੇਦਨਸ਼ੀਲ ਸਥਾਨਾਂ ਉੱਤੇ ਖਾਸ ਪ੍ਰੋਗਰਾਮਾਂ ਲਈ ਸੰਭਾਵਿਤ ਖਤਰਾ ਹਨ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕਣੇ ਜ਼ਰੂਰੀ ਹਨ। ਸਾਊਦੀ ਅਰਬ ਦੀ ਸਭ ਤੋਂ ਵੱਡੀ ਪੈਟਰੋਲੀਅਮ ਕੰਪਨੀ ਅਰਾਮਕੋ 'ਤੇ ਹਾਲ ਵਿੱਚ ਡਰੋਨ ਨਾਲ ਕੀਤਾ ਗਿਆ ਹਮਲਾ ਅਤੇ ਪੰਜਾਬ ਵਿੱਚ ਭਾਰਤ-ਪਾਕਿਸਤਾਨ ਸਰਹੱਦ ਪਾਰ ਤੋਂ ਯੂ ਏ ਵੀ ਦੇ ਰਾਹੀਂ ਹਥਿਆਰ ਡੇਗਣ ਨਾਲ ਸੁਰੱਖਿਆ ਤੇ ਖੁਫੀਆ ਏਜੰਸੀਆਂ ਚੌਕੰਨੀਆਂ ਹੋ ਗਈਆਂ ਹਨ। ਇਹ ਏਜੰਸੀਆਂ ਕੁਝ ਡਰੋਨ ਡੇਗਣ ਵਾਲੀ ਤਕਨੀਕ 'ਤੇ ਗੌਰ ਕਰ ਰਹੀਆਂ ਹਨ, ਤਾਂ ਕਿ ਸ਼ੱਕੀ ਖਤਰਨਾਕ ਰਿਮੋਟ ਸੰਚਾਲਿਤ ਪਲੇਟਫਾਰਮ ਨੂੰ ਫੜ ਕੇ ਨਕਾਰਾ ਕੀਤਾ ਜਾ ਸਕੇ।

ਆਈ ਪੀ ਐੱਸ ਪੰਕਜ ਸਿੰਘ ਦੇ ਇੰਡੀਅਨ ਪੁਲਸ ਜਰਨਲ ਵਿੱਚ ਛਪੇ ਪੱਤਰ ਡਰੋਨਸ-ਅ ਨਿਊ ਫਰੰਟੀਅਰ ਫਾਰ ਪੁਲਸ ਵਿੱਚ ਇਸ ਨਵੀਂ ਤਕਨੀਕ ਦੇ ਬਾਰੇ ਦੱਸਿਆ ਗਿਆ ਹੈ ਕਿ ਡਰੋਨ ਗਨ ਰੇਡੀਓ, ਗਲੋਬਲ ਪੁਜ਼ੀਸ਼ਨਿੰਗ ਸਿਸਟਮ ਅਤੇ ਡਰੋਨ ਅਤੇ ਪਾਇਲਟ ਦੇ ਵਿੱਚ ਮੋਬਾਈਲ ਸਿਗਨਲ ਫੜਨ ਅਤੇ ਡਰੋਨ ਦੁਆਰਾ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਉਸ ਨੂੰ ਨਸ਼ਟ ਕਰਨ ਦੇ ਸਮਰੱਥ ਹੈ।

# ਲਾਲੂ ਦੇ ਘਰ ਸੱਸ-ਨੂੰਹ ਦਾ ਝਗੜਾ ਗੰਭੀਰ ਹੋਇਆ

ਪਟਨਾ, 30 ਸਤੰਬਰ (ਪੋਸਟ ਬਿਊਰੋ)- ਲਾਲੂ ਪ੍ਰਸਾਦ ਦੇ ਵੱਡੇ ਬੇਟੇ ਤੇਜ ਪ੍ਰਤਾਪ ਯਾਦਵ ਦੀ ਪਤਨੀ ਐਸ਼ਵਰਿਆ ਨੇ ਕੱਲ੍ਹ ਆਪਣੀ ਸੱਸ ਰਾਬੜੀ ਦੇਵੀ ਉੱਤੇ ਧੱਕੇ ਮਾਰਨ ਅਤੇ ਘਰੋਂ ਬਾਹਰ ਕੱਢਣ ਦਾ ਦੋਸ਼ ਲਾਇਆ ਹੈ।

ਕੱਲ੍ਹ ਦੇਰ ਰਾਤ ਤੱਕ ਚੱਲੇ ਹਾਈਵੋਲਟੇਜ਼ ਡਰਾਮੇ ਦੇ ਬਾਅਦ ਪਹਿਲੀ ਵਾਰ ਮੀਡੀਆ ਨੂੰ ਐਸ਼ਵਰਿਆ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਮੇਰੇ ਨਾਲ ਬਹੁਤ ਹੀ ਬੁਰਾ ਵਤੀਰਾ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਮੇਰਾ ਖਾਣਾ ਵੀ ਬੰਦ ਕਰ ਦਿੱਤਾ ਗਿਆ ਹੈ। ਖਾਣਾ ਮੇਰੇ ਪੇਕਿਉਂ ਆਉਂਦਾ ਹੈ। ਸ਼ਨੀਵਾਰ ਮੇਰਾ ਰਸੋਈ ਵਿੱਚ ਵੀ ਜਾਣਾ ਬੰਦ ਕਰ ਦਿੱਤਾ ਗਿਆ। ਐਸ਼ਵਰਿਆ ਨੇ ਆਪਣੀ ਨਨਾਣ ਰਾਜ ਸਭਾ ਮੈਂਬਰ ਡਾਕਟਰ ਮੀਸਾ ਭਾਰਤੀ 'ਤੇ ਕੁੱਟਮਾਰ ਦਾ ਦੋਸ਼ ਲਾਇਆ ਅਤੇ ਉਸ ਨੇ ਲਾਲੂ-ਰਾਬੜੀ ਪਰਵਾਰ ਦੇ ਖਿਲਾਫ ਹੋਰ ਵੀ ਕਈ ਗੰਭੀਰ ਦੋਸ਼ ਲਾਏ। ਦੂਸਰੇ ਪਾਸੇ ਮੀਸਾ ਨੇ ਐਸ਼ਵਰਿਆ ਦੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਅਤੇ ਖੁਦ ਦੇ ਦਿੱਲੀ ਵਿੱਚ ਹੋਣ ਦਾ ਦਾਅਵਾ ਕੀਤਾ ਹੈ।

ਇਸ ਝਗੜੇ ਦੀ ਖਬਰ ਮਿਲਦੇ ਸਾਰ ਐਸ਼ਵਰਿਆ ਦੇ ਪਿਤਾ ਚੰਦ੍ਰਿਕਾ ਰਾਏ ਅਤੇ ਮਾਂ ਪੂਰਨਿਮਾ ਕੁਝ ਰਿਸ਼ਤੇਦਾਰਾਂ ਨਾਲ ਪਹੁੰਚ ਗਏ ਅਤੇ ਮਹਿਲਾ ਹੈਲਪਲਾਈਨ ਦੀ ਅਧਿਕਾਰੀ ਵੀ ਸੱਦੀ ਗਈ। ਉਨ੍ਹਾਂ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ ਤਾਂ ਰਾਬੜੀ ਦੇਵੀ ਨੇ ਸਾਫ ਕਿ ਉਨ੍ਹਾਂ ਨੂੰ ਐਸ਼ਵਰਿਆ ਤੋਂ ਖਤਰਾ ਹੈ, ਪਰ ਐਸ਼ਵਰਿਆ ਵਾਰ-ਵਾਰ ਰਾਬੜੀ ਦੇ ਘਰ ਵਿੱਚ ਰਹਿਣ ਦੀ ਜ਼ਿੱਦ ਕਰਦੀ ਰਹੀ। ਉਸ ਦੇ ਪਿਤਾ ਚੰਦ੍ਰਿਕਾ ਰਾਏ ਬੇਟੀ ਦੇ ਨਾਲ ਰਾਬੜੀ ਦੇ ਘਰ ਦੇ ਬਾਹਰ ਬੈਠ ਗਏ।

ਵਰਨਣ ਯੋਗ ਹੈ ਕਿ ਐਸ਼ਵਰਿਆ ਅਤੇ ਤੇਜ ਪ੍ਰਤਾਪ ਦਾ ਵਿਆਹ 2018 ਵਿੱਚ ਹੋਇਆ ਸੀ। ਛੇ ਮਹੀਨੇ ਦੇ ਅੰਦਰ ਹੀ ਦੋ ਨਵੰਬਰ ਨੂੰ ਤੇਜ ਪ੍ਰਤਾਪ ਨੇ ਪਟਨਾ ਦੀ ਅਦਾਲਤ ਵਿੱਚ ਤਲਾਕ ਦੀ ਅਰਜ਼ੀ ਦੇ ਦਿੱਤੀ ਸੀ ਅਤੇ ਮਾਮਲਾ ਅਜੇ ਚੱਲ ਰਿਹਾ ਹੈ। ਐਸ਼ਵਰਿਆ ਦਾ ਕਹਿਣਾ ਹੈ ਕਿ ਮੈਂ ਤੇਜ ਪ੍ਰਤਾਪ ਨਾਲ ਰਿਸ਼ਤਾ ਠੀਕ ਕਰਨਾ ਚਾਹੁੰਦੀ ਹਾਂ। ਏਸੇ ਲਈ ਤਲਾਕ ਦਾ ਕੇਸ ਫਾਈਲ ਹੋਣ ਦੇ ਬਾਅਦ ਵੀ ਏਥੇ ਰਹਿ ਰਹੀ ਹਾਂ, ਪਰ ਸਹੁਰੇ ਘਰ ਵਿੱਚ ਇਹ ਵਤੀਰਾ ਹੋ ਰਿਹਾ ਹੈ, ਜਿਵੇਂ ਤਲਾਕ ਹੋ ਚੁੱਕਾ ਹੈ। ਐਸ਼ਵਰਿਆ ਦੇ ਪਿਤਾ ਚੰਦ੍ਰਿਕਾ ਰਾਏ ਦਾ ਕਹਿਣਾ ਹੈ ਕਿ ਲਾਲੂ ਪਰਵਾਰ ਨਾਲ ਰਿਸ਼ਤੇ ਦੀ ਗੱਲ 'ਤੇ ਸ਼ਰਮ ਮਹਿਸੂਸ ਹੁੰਦੀ ਹੈ। ਮੈਨੂੰ ਥੋੜ੍ਹਾ ਵੀ ਅਹਿਸਾਸ ਹੁੰਦਾ ਕਿ ਇਹ ਲੋਕ ਇਸ ਤਰ੍ਹਾਂ ਦੇ ਵਤੀਰਾ ਕਰਨਗੇ ਤਾਂ ਮੈਂ ਆਪਣੀ ਬੇਟੀ ਦਾ ਵਿਆਹ ਇਥੇ ਨਾ ਕਰਦਾ। ਐਸ਼ਵਰਿਆ ਦੀ ਮਾਂ ਪੂਰਨਿਮਾ ਦਾ ਕਹਿਣਾ ਹੈ ਕਿ ਰਾਬੜੀ ਨੇ ਮੇਰੀ ਬੇਟੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਮੇਰੀ ਕੋਸ਼ਿਸ਼ ਸੀ ਕਿ ਧੀ-ਜਵਾਈ ਵਿੱਚ ਸੁਲ੍ਹਾ ਹੋ ਜਾਏ, ਪਰੰਤੂ ਜਦ ਗੱਲਬਾਤ-ਮੁਲਾਕਾਤ ਹੀ ਨਹੀਂ ਹੋਵੇਗੀ ਤਾਂ ਸੁਲ੍ਹਾ ਕਿਵੇਂ ਹੋ ਸਕਦੀ ਹੈ।

# ਭਾਜਪਾ ਨੇਤਾ ਬੋਲੇ, ਤਿੰਨ ਕਸ਼ਮੀਰੀ ਅੱਤਵਾਦੀ ਘਰ ਵਿੱਚ ਆਏ, ਪੰਜ ਘੰਟੇ ਤੱਕ ਬੰਦੀ ਬਣਾਇਆ

ਜੰਮੂ, 30 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਬੀਤੇ ਦਿਨੀਂ ਹਿਜਬੁਲ ਮੁਜਾਹਦੀਨ ਦੇ ਤਿੰਨ ਅੱਤਵਾਦੀਆਂ ਨੇ ਭਾਜਪਾ ਦੇ ਬੂਥ ਪ੍ਰਧਾਨ ਵਿਜੇ ਕੁਮਾਰ ਵਰਮਾ ਨੂੰ ਵੀ ਬੰਦੀ ਬਣਾ ਲਿਆ ਸੀ।

ਇਸ ਘਟਨਾ ਦੇ 24 ਘੰਟੇ ਬਾਅਦ ਵਿਜੇ ਨੇ ਦੱਸਿਆ ਕਿ 20 ਤੋਂ 30 ਸਾਲ ਦੀ ਉਮਰ ਦੇ ਹਥਿਆਰਬੰਦ ਤਿੰਨ ਅੱਤਵਾਦੀ ਕਰੀਬ 11.30 ਵਜੇ ਘਰ ਵਿੱਚ ਦਾਖਲ ਹੋਏ। ਇਨ੍ਹਾਂ ਵਿੱਚੋਂ ਦੋ ਦੀ ਦਾੜ੍ਹੀ ਸੀ ਅਤੇ ਇੱਕ ਕਲੀਨ ਸ਼ੇਵ ਸੀ। ਉਸ ਵਕਤ ਘਰ ਵਿੱਚ ਮੇਰੀ ਪਤਨੀ, ਨੂੰਹ ਤੇ ਗੁਆਂਢੀ ਮੌਜੂਦ ਸਨ। ਮੇਰੇ ਦੋ ਬੇਟੇ ਬਾਜ਼ਾਰ ਗਏ ਸਨ। ਉਹ ਕਮਰੇ ਵਿੱਚ ਆ ਕੇ ਚੁੱਪਚਾਪ ਬੈਠੇ ਹੋਏ ਜ਼ੋਰ-ਜ਼ੋਰ ਨਾਲ ਸਾਹ ਲੈ ਰਹੇ ਸਨ। ਥੋੜ੍ਹੀ ਦੇਰ ਬਾਅਦ ਮੇਰਾ ਵੱਡਾ ਬੇਟਾ ਘਰ ਆਇਆ। ਮੇਰੀ ਨੂੰਹ ਨੇ ਇਨ੍ਹਾਂ ਅੱਤਵਾਦੀਆਂ ਨੂੰ ਪਾਣੀ ਦਿੱਤਾ, ਪਰ ਉਨ੍ਹਾਂ ਨੇ ਨਾ ਪੀਤਾ ਤਾਂ ਪਤਨੀ, ਬੇਟਾ, ਨੂੰਹ ਤੇ ਗੁਆਂਢੀ ਬਾਹਰ ਨਿਕਲ ਗਏ। ਮੈਂ ਘਰੋਂ ਬਾਹਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਅੱਤਵਾਦੀ ਨੇ ਚੁੱਪਚਾਪ ਬੈਠਣ ਦਾ ਇਸ਼ਾਰਾ ਕੀਤਾ। ਮੇਰੇ ਬਾਹਰ ਨਾ ਨਿਕਲ ਸਕਣ ਉੱਤੇ ਪਰਵਾਰ ਦੇ ਲੋਕ ਮੋਬਾਈਲ ਫੋਨ ਕਰ ਕੇ ਲਗਾਤਾਰ ਕਾਲ ਕਰ ਰਹੇ ਸਨ। ਮੈਂ ਜਾਣਦਾ ਸੀ ਕਿ ਮੈਂ ਬੰਦੀ ਹਾਂ, ਪਰ ਤਿੰਨਾਂ ਵਿੱਚੋਂ ਕਿਸੇ ਨੇ ਵੀ ਮੈਨੂੰ ਅਪਸ਼ਬਦ ਨਹੀਂ ਕਹੇ, ਨਾ ਮੇਰੇ ਨਾਲ ਮਾਰਕੁੱਟ ਕੀਤੀ।

## ਚੌਟਾਲੇ ਵੱਲੋਂ ਵੱਡੀ ਚੋਟ

# ਸਾਡੇ ਖੇਤਰੀ ਭਾਸ਼ਾ ਵਿੱਚ ਅਵਾਰਾ ਪਸ਼ੂ ਨੂੰ ਕਹਿੰਦੇ ਹਨ ਖੱਟਰ

ਸਿਰਸਾ, 30 ਸਤੰਬਰ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਅਤੇ ਇਨੈਲੋ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਇੱਕ ਵਾਰ ਫਿਰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਉਤੇ ਵਿਅੰਗ ਕਸਦੇ ਹੋਏ ਉਨ੍ਹਾਂ ਦੇ ਖਿਲਾਫ ਇਤਰਾਜ਼ ਕਰਨ ਯੋਗ ਟਿਪਣੀਆਂ ਕੀਤੀਆਂ ਅਤੇ ਮਾਣ ਹਾਨੀ ਦੀ ਹੱਦ ਤੱਕ ਚਲੇ ਗਏ ਹਨ।



ਚੌਟਾਲਾ ਨੇ ਆਪਣੀ ਪਾਰਟੀ ਦੇ ਜਿਲਾ ਦਫਤਰ ਵਿੱਚ ਵਰਕਰਾਂ ਦੀ ਮੀਟਿੰਗ ਵਿੱਚ ਕਿਹਾ ਕਿ ਸਾਡੇ ਇੱਥੇ ਖੇਤਰੀ ਭਾਸ਼ਾ ਵਿੱਚ ਅਵਾਰਾ ਪਸ਼ੂ ਨੂੰ ਖੱਟਰ ਕਿਹਾ ਜਾਂਦਾ ਹੈ। ਉਹ ਪਹਿਲਾਂ ਵੀ ਮੁੱਖ ਮੰਤਰੀ ਬਾਰੇ ਇਸ ਤਰ੍ਹਾਂ ਟਿਪਣੀ ਕਰ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਮੇਰੀ ਜੇਲ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਪਰ ਭਾਜਪਾ ਸਰਕਾਰ ਮੇਰੇ ਤੋਂ ਡਰਦੀ ਹੈ ਇਸ ਲਈ ਮੈਨੂੰ ਜੇਲ ਤੋਂ ਰਿਹਾਅ ਨਹੀਂ ਕਰ ਰਹੀ। ਉਨ੍ਹਾਂ ਨੇ ਕਿਹਾ ਕਿ ਜੋ ਪਾਰਟੀ ਦੀ ਆੜ ਵਿੱਚ ਲੁੱਟ ਮਚਾ ਰਹੇ ਸੀ, ਉਹੀ ਨੇਤਾ ਇਨੈਲੋ ਪਾਰਟੀ ਛੱਡ ਕੇ ਗਏ ਹਨ। ਸੱਚੇ ਵਰਕਰ ਅੱਜ ਵੀ ਪਾਰਟੀ ਦੇ ਨਾਲ ਹਨ। ਚੌਟਾਲਾ ਨੇ ਕਿਹਾ ਕਿ ਅੱਜ ਪੂਰੇ ਪ੍ਰਦੇਸ਼ ਵਿੱਚ ਆਰਾਜਿਕਤਾ, ਡਰ ਅਤੇ ਭ੍ਰਿਸ਼ਟਾਚਾਰ ਦਾ ਮਹੌਲ ਹੈ।

ਇਸ ਮੌਕੇ ਚੌਟਾਲਾ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਲਗਾਤਾਰ ਜਨ ਵਿਰੋਧੀ ਫੈਸਲੇ ਲੈ ਰਹੀ ਹੈ ਜਿਸ ਕਾਰਨ ਆਮ ਆਦਮੀ ਵਿੱਚ ਗੁੱਸਾ ਹੈ। ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਨਾਲ ਹਰ ਵਰਗ ਸੰਘਰਸ਼ ਕਰਨ ਤੇ ਮਜਬੂਰ ਹੈ। ਉਨ੍ਹਾਂ ਕਿਹਾ ਕਿ ਚੌਧਰੀ ਦੇਵੀ ਲਾਲ ਨੇ 1977 ਵਿੱਚ ਕਿਸਾਨਾਂ ਦੇ ਟਰੈਕਟਰ ਨੂੰ ਗੱਡਾ ਐਲਾਨ ਕੀਤਾ ਸੀ ਪਰ ਭਾਜਪਾ ਸਰਕਾਰ ਨੇ ਕਿਸਾਨ ਵਿਰੋਧੀ ਹੋਣ ਕਾਰਨ ਟਰੈਕਟਰ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਟਰੈਕਟਰ ਦੇ ਵੀ ਚਾਲਾਨ ਕੀਤੇ ਜਾ ਰਹੇ ਹਨ ਜੋ ਸਿੱਧੇ-ਸਿੱਧੇ ਕਿਸਾਨ ਵਿਰੋਧੀ ਫੈਸਲਾ ਹੈ।




# ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ ਦੇ ਟਰੰਪ ਦੇ ਫੈਸਲੇ ਉਤੇ ਅਦਾਲਤ ਦੀ ਰੋਕ



ਵਾਸ਼ਿੰਗਟਨ, 30 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਇਕ ਫੈਡਰਲ ਜੱਜ ਦੇ ਫੈਸਲੇ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗਰੇਸ਼ਨ ਵਿੱਚ ਪ੍ਰਵਾਸੀਆਂ ਦੇ ਵਿਰੋਧ ਦੀ ਨੀਤੀ ਨੂੰ ਕਰਾਰਾ ਝਟਕਾ ਦਿੱਤਾ ਹੈ।

ਜੱਜ ਨੇ ਆਪਣੇ ਹੁਕਮ ਵਿੱਚ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਨੂੰ ਪਰਤਾਉਣ ਦੀ ਪ੍ਰਕਿਰਿਆ ਨੂੰ ਸੌਖਾ ਕਰਨ 'ਤੇ ਰੋਕ ਲਾ ਦਿੱਤੀ ਹੈ। ਇਹ ਹੁਕਮ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣਾ ਤੇਜ਼ ਕੀਤੇ ਜਾਣ ਦੇ ਖਿਲਾਫ ਹੈ।ਇਸ ਹੇਠ ਜੇ ਕੋਈ ਪ੍ਰਵਾਸੀ ਅਮਰੀਕੀ ਸਰਹੱਦ ਦੇ 160 ਕਿਲੋਮੀਟਰ ਦੇ ਘੇਰੇ 'ਚ 14 ਦਿਨ ਦੇ ਅੰਦਰ-ਅੰਦਰ ਫੜਿਆ ਜਾਂਦਾ ਹੈ ਤਾਂ ਉਸ ਨੂੰ ਇਮੀਗ੍ਰੇਸ਼ਨ ਜੱਜ ਅੱਗੇ ਪੇਸ਼ ਕਰਨ ਦੀ ਥਾਂ ਜਲਦੀ ਵਾਪਸ ਭੇਜ ਦਿੱਤਾ ਜਾਵੇਗਾ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਜੁਲਾਈ ਵਿੱਚ ਇਕ ਨੀਤੀ ਨੂੰ ਲਾਗੂ ਕਰਦਿਆਂ ਬੀਤੇ ਦੋ ਸਾਲ ਦੇ ਸਮੇਂ ਦੌਰਾਨ ਅਮਰੀਕਾ ਪਹੁੰਚੇ ਪ੍ਰਵਾਸੀਆਂ ਦੀ ਪੂਰੇ ਮੁਲਕ 'ਚ ਸ਼ਨਾਖਤ ਕਰਨ ਦੀ ਪ੍ਰਕਿਰਿਆ ਆਰੰਭੀ ਸੀ।

ਅਮਰੀਕੀ ਡਿਸਟ੍ਰਿਕਟ ਕੋਰਟ ਦੀ ਜੱਜ ਕੇਤਾਂਜੀ ਬ੍ਰਾਊਨ ਜੈਕਸਨ ਨੇ ਇਹ ਫੈਸਲਾ ਸੁਣਾਉਂਦਿਆਂ ਵਿਭਾਗ ਨੂੰ ਇਸ ਨੀਤੀ ਨੂੰ ਲਾਗੂ ਕਰਨ ਤੋਂ ਰੋਕ ਦਿੱਤਾ ਹੈ। ਜੱਜ ਨੇ ਕਿਹਾ ਕਿ ਇਹ ਨੀਤੀ ਪ੍ਰਭਾਵਿਤ ਹੋਣ ਵਾਲਿਆਂ ਦਾ 'ਨਾ ਭਰਿਆ ਜਾਣ ਵਾਲਾ ਨੁਕਸਾਨ' ਕਰੇਗੀ। ਅਮੈਰੀਕਨ ਇਮੀਗ੍ਰੇਸ਼ਨ ਕਾਊਂਸਿਲ ਦੀ ਅਟਾਰਨੀ ਟ੍ਰੀਨਾ ਰੀਅਲਮੁਟੋ ਨੇ ਅਦਾਲਤ ਵਿੱਚ ਦਲੀਲ ਦਿੰਦਿਆਂ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਧ ਤੋਂ ਵੱਧ ਲੋਕਾਂ ਨੂੰ ਵਾਪਸ ਭੇਜਣਾ (ਡਿਪੋਰਟ) ਚਾਹੁੰਦਾ ਹੈ, ਜਦ ਕਿ ਪ੍ਰਕਿਰਿਆ 'ਚ ਕਈ ਖਾਮੀਆਂ ਹਨ। ਕਈ ਸ਼ਰਨ ਮੰਗਣ ਵਾਲੇ ਇਸ ਗਲਤ ਨੀਤੀ ਦੇ ਘੇਰੇ ਵਿੱਚ ਆ ਸਕਦੇ ਹਨ। ਇਨ੍ਹਾਂ ਵਿੱਚ ਉਹ ਵੀ ਹੋ ਸਕਦੇ ਹਨ ਜਿਨ੍ਹਾਂ ਦੀ ਜਾਨ ਨੂੰ ਉਨ੍ਹਾਂ ਦੇ ਦੇਸ਼ ਵਿੱਚ ਖਤਰਾ ਹੈ।

# ਦੁਨੀਆ ਦੀਆਂ ਸਰਬੋਤਮ ਤਾਕਤਵਰ ਫੌਜਾਂ ਵਿੱਚ ਭਾਰਤ ਦਾ ਡੰਕਾ



ਕਰਾਚੀ, 30 ਸਤੰਬਰ (ਪੋਸਟ ਬਿਊਰੋ)- ਦੁਨੀਆ ਦੀਆਂ ਸਰਬੋ-ਤਮ ਤਾਕਤਵਰ ਫੌਜਾਂ 'ਚ ਭਾਰਤੀ ਸੈਨਾ ਚੌਥੇ ਨੰਬਰ 'ਤੇ ਹੈ, ਜਦੋਂ ਕਿ ਪਾਕਿਸਤਾਨੀ ਸੈਨਾ ਇਸ ਸੂਚੀ 'ਚ 15ਵੇਂ ਸਥਾਨ 'ਤੇ ਹੈ।

ਪਾਕਿਸਤਾਨੀ ਮੀਡੀਆ 'ਚ ਛਪੀ ਰਿਪੋਰਟ ਅਨੁਸਾਰ ਇਹ ਖੁਲਾਸਾ 'ਗਲੋਬਲ ਫਾਇਰ ਪਾਵਰਸ 2019' ਦੀ ਸੈਨਾ ਸ਼ਕਤੀ ਨਾਲ ਸਬੰਧਤ ਰਿਪੋਰਟ 'ਚ ਹੋਇਆ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਵਿਸ਼ਵ ਦੀਆਂ ਸਭ ਤੋਂ ਤਾਕਤਵਰ ਸੈਨਾਵਾਂ 'ਚ ਪਹਿਲੇ ਸਥਾਨ ਉੱਤੇ ਅਮਰੀਕਾ ਦੀ ਸੈਨਾ ਹੈ, ਦੂਜੇ ਨੰਬਰ 'ਤੇ ਭਾਰਤੀ ਸੈਨਾ ਹੈ। ਇਸ ਸੂਚੀ 'ਚ 137 ਦੇਸ਼ਾਂ ਦੀਆਂ ਫੌਜਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਦਰਜਾਬੰਦੀ ਹਥਿਆਰਾਂ ਤੇ ਸੈਨਿਕਾਂ ਦੀ ਗਿਣਤੀ ਤੋਂ ਨਹੀਂ ਕੀਤੀ ਗਈ, ਬਲਕਿ ਇਸ ਗੱਲ ਨੂੰ ਵੀ ਜਾਂਚਿਆ ਗਿਆ ਹੈ ਕਿ ਹਥਿਆਰ ਕਿੰਨੇ ਤਰ੍ਹਾਂ ਦੇ ਹਨ ਤੇ ਸੈਨਾ ਦੀ ਕੁੱਲ ਸ਼ਕਤੀ ਕਿੰਨੀ ਹੈ, ਉਸ ਦੇਸ਼ ਦੀ ਵਸੋਂ, ਭੂਗੋਲ ਤੇ ਵਿਕਾਸ ਦੇ ਸੰਦਰਭ 'ਚ ਸੈਨਾ ਸ਼ਕਤੀ ਦਾ ਕੀ ਰੂਪ ਹੈ, ਦਰਜਾਬੰਦੀ ਵਿੱਚ ਐਟਮੀ ਹਥਿਆਰ ਵਾਲੇ ਦੇਸ਼ਾਂ ਨੂੰ ਬੋਨਸ ਅੰਕ ਦਿੱਤੇ ਗਏ ਹਨ, ਪਰ ਅੰਤਿਮ ਦਰਜਾਬੰਦੀ 'ਚ ਇਨ੍ਹਾਂ ਅੰਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਵੱਖ-ਵੱਖ ਪੈਮਾਨਿਆਂ ਦੇ ਆਧਾਰ 'ਤੇ ਸਰਬੋਤਮ 25 ਸ਼ਕਤੀਸ਼ਾਲੀ ਸੈਨਾਵਾਂ ਨੂੰ ਸੂਚੀ 'ਚ ਥਾਂ ਦਿੱਤੀ ਗਈ ਹੈ। ਦਰਜਾਬੰਦੀ ਅਨੁਸਾਰ ਭਾਰਤ ਕੋਲ ਕੁੱਲ 3462500 ਸੈਨਿਕ, 2082 ਜਹਾਜ਼, 4184 ਲੜਾਕੂ ਟੈਂਕ, ਇੱਕ ਜਹਾਜ਼ ਵਾਹਕ ਬੇੜਾ ਤੇ ਕੁੱਲ 295 ਕਿਸ਼ਤੀਆਂ ਜਲ ਸੈਨਾ ਦੀਆਂ ਸੰਪਤੀਆਂ ਹਨ। ਭਾਰਤ ਦਾ ਕੁੱਲ ਰੱਖਿਆ ਬਜਟ 55.2 ਅਰਬ ਡਾਲਰ ਦਾ ਹੈ। ਪਾਕਿਸਤਾਨ ਕੋਲ 1204000 ਸੈਨਿਕ, 1342 ਜਹਾਜ਼ ਜਿਨ੍ਹਾਂ 'ਚ 348 ਲੜਾਕੂ ਜਹਾਜ਼ ਸ਼ਾਮਲ ਹਨ, ਤੇ ਰੱਖਿਆ ਬਜਟ 7 ਅਰਬ ਡਾਲਰ ਹੈ।

## ਰੇਲਵੇ ਵਿੱਚ ਗੱਤੇ ਦੀ ਪਲੇਟਫਾਰਮ ਟਿਕਟ ਦਾ ਸਫਰ ਖਤਮ

ਜਲੰਧਰ, 30 ਸਤੰਬਰ (ਪੋਸਟ ਬਿਊਰੋ)- ਰੇਲਵੇ ਸਟੇਸ਼ਨਾਂ ਉਤੇ 1853 ਤੋਂ ਮਿਲਣ ਵਾਲੀ ਗੱਤੇ ਦੀ ਚੌਰਸ ਪਲੇਟਫਾਰਮ ਟਿਕਟ ਦਾ ਸਫਰ ਖਤਮ ਹੋ ਗਿਆ ਹੈ। ਕੱਲ੍ਹ ਤੋਂ ਹੀ ਇਸ ਦੀ ਥਾਂ ਮੁਸਾਫਰਾਂ ਨੂੰ ਬੁਕਿੰਗ ਕਾਊਂਟਰਾਂ ਤੋਂ ਵੱਖਰੀ ਟਿਕਟ ਮਿਲਣੀ ਸ਼ੁਰੂ ਹੋ ਗਈ ਹੈ। ਰੇਲਵੇ ਬੋਰਡ ਨੇ ਕਰੰਟ ਬੁਕਿੰਗ ਸੁਪਰਵਾਈਜ਼ਰਾਂ ਨੂੰ ਇਸ ਦਾ ਨੋਟਿਸ ਕੱਢ ਕੇ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਹਨ। ਹਾਲੇ ਸਟਾਫ ਦੀ ਘਾਟ ਕਾਰਨ ਵੱਖਰਾ ਕਾਊਂਟਰ ਨਹੀਂ ਖੋਲ੍ਹਿਆ ਗਿਆ, ਪ੍ਰੰਤੂ ਜਲਦ ਹੀ ਇਸ ਦੇ ਬਦਲਵੇਂ ਪ੍ਰਬੰਧ ਕਰ ਦਿੱਤੇ ਜਾਣਗੇ। ਜ਼ਿਕਰ ਯੋਗ ਹੈ ਕਿ ਰੇਲਵੇ ਬੋਰਡ ਨੇ ਗੱਤੇ ਦੀ ਟਿਕਟ ਬੰਦ ਕਰਨ ਲਈ 31 ਮਈ ਤੋਂ ਹੀ ਛਪਾਈ ਬੰਦ ਕਰਕੇ ਅਗਾਂਹ ਦੀ ਵਿਉਂਤ ਬਣਾਉਣੀ ਸ਼ੁਰੂ ਕਰ ਦਿੱਤੀ ਸੀ, ਪ੍ਰੰਤੂ ਪੂਰੇ ਦੇਸ਼ 'ਚ ਵੱਖ-ਵੱਖ ਰੇਲ ਡਵੀਜ਼ਨਾਂ 'ਚ ਟਿਕਟਾਂ ਦਾ ਕਾਫੀ ਸਟਾਕ ਖਤਮ ਹੋਣ ਤੱਕ ਪਲੇਟਫਾਰਮ ਟਿਕਟ ਜਾਰੀ ਰੱਖਣ ਦੇ ਹੁਕਮ ਦਿੱਤੇ ਗਏ ਸਨ। ਮੁਸਾਫਰਾਂ ਲਈ ਅਨ-ਰਿਜ਼ਰਵ ਟਿਕਟ ਸਿਸਟਮ (ਯੂ ਟੀ ਐਸ) ਐਪ ਮਦਦਗਾਰ ਹੋ ਸਕਦਾ ਹੈ। ਇਸ ਐਪ ਜ਼ਰੀਏ ਮੁਸਾਫਰ ਮੋਬਾਈਲ ਦੀ ਮਦਦ ਨਾਲ ਪਲੇਟਫਾਰਮ ਤੇ ਗੱਡੀ ਦੀ ਅਨਰਿਜ਼ਰਵ ਟਿਕਟ ਖਰੀਦ ਸਕਦੇ ਹਨ।

## ਫਿਲਮ ਸਟਾਰ ਜਤਿੰਦਰ 'ਆਈਕਨ ਆਫ ਇੰਡੀਅਨ ਸਿਨੇਮਾ' ਬਣੇ

ਮੁੰਬਈ, 30 ਸਤੰਬਰ (ਪੋਸਟ ਬਿਊਰੋ)- ਹਿੰਦੀ ਸਿਨੇਮਾ 'ਚ ਜੰਪਿੰਗ ਜੈਕ ਦੇ ਨਾਂ ਨਾਲ ਮਸ਼ਹੂਰ ਅਭਿਨੇਤਾ ਜਤਿੰਦਰ ਨੂੰ 10ਵੇਂ ਫਿਲਮ ਫੈਸਟੀਵਲ 'ਚ 'ਆਈਕਨ ਆਫ ਇੰਡੀਅਨ ਸਿਨੇਮਾ' ਐਵਾਰਡ ਦਿੱਤਾ ਗਿਆ। ਕੱਲ੍ਹ ਸ਼ਾਮ ਮੁੰਬਈ ਦੇ ਪੰਜ ਤਾਰਾ ਹੋਟਲ ਵਿੱਚ ਕਰਵਾਏ ਰੰਗਾਰੰਗ ਸਮਾਗਮ ਵਿੱਚ ਜਤਿੰਦਰ ਨੂੰ ਕੇਤਨ ਮਹਿਤਾ ਨੇ ਸਨਮਾਨਿਤ ਕੀਤਾ।

ਕਰੀਬ ਸੌ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਜਲਵਾ ਦਿਖਾ ਚੁੱਕੇ ਜਤਿੰਦਰ ਨੇ ਪੁਰਸਕਾਰ ਲੈਣ ਤੋਂ ਬਾਅਦ ਇੱਕ ਅਖਬਾਰ ਦੇ ਫਿਲਮ ਫੈਸਟੀਵਲ (ਜੇ ਐਫ ਐਫ) ਦੀ ਕਾਫੀ ਸ਼ਲਾਘਾ ਕੀਤੀ। ਉਨ੍ਹਾਂ ਹਿੰਦੀ ਵਿੱਚ ਆਪਣੀ ਗੱਲ ਕਹੀ। ਉਨ੍ਹਾਂ ਕਿਹਾ ਕਿ ਬਚਪਨ ਵਿੱਚ ਮੈਨੂੰ ਫਿਲਮਾਂ ਦੇਖਣ ਦਾ ਸ਼ੌਕ ਸੀ। ਵੱਡਾ ਹੋਇਆ ਤਾਂ ਐਕਟਿੰਗ ਕਰਨ ਦਾ ਸ਼ੌਕ ਹੋਇਆ। ਫਿਰ ਇਹੀ ਮੇਰਾ ਪ੍ਰੋਫੈਸ਼ਨ ਬਣ ਗਿਆ। ਕਿਸੇ ਵੀ ਇਨਸਾਨ ਲਈ ਜਦੋਂ ਉਸ ਦਾ ਸ਼ੌਕ ਉਸ ਦਾ ਪ੍ਰੋਫੈਸ਼ਨ ਬਣੇ ਤਾਂ ਇਸ ਤੋਂ ਚੰਗੀ ਕੋਈ ਗੱਲ ਨਹੀਂ ਹੋ ਸਕਦੀ ਹੈ। ਜੇ ਐਫ ਐਫ ਦੇ ਮੰਚ 'ਤੇ ਸੱਦ ਕੇ ਮੈਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਜ਼ਿਆਦਾ ਮੈਂ ਕੀ ਉਮੀਦ ਕਰ ਸਕਦਾ ਹਾਂ।

ਭੂਮੀ ਪੇਡਨੇਕਰ ਨੂੰ ਅਚੀਵਰਜ਼ ਐਵਾਰਡ ਮਿਲਿਆ। ਪੁਰਸਕਾਰ ਮਿਲਣ ਤੋਂ ਖੁਸ਼ ਭੂਮੀ ਨੇ ਕਿਹਾ ਕਿ ਜੇ ਐਫ ਐਫ ਨਾਲ ਮੇਰਾ ਡੂੰਘਾ ਨਾਤਾ ਹੈ। ਮੇਰੀ ਪਹਿਲੀ ਫਿਲਮ 'ਦਮ ਲਗਾ ਕੇ ਹਈਸ਼ਾ' ਫਿਲਮ ਫੈਸਟੀਵਲ ਵਿੱਚ ਪ੍ਰਦਰਸ਼ਿਤ ਕੀਤੀ ਗਈ ਸੀ। ਮੇਰਾ ਸਫਰ ਛੋਟਾ ਪਰ ਖਾਸ ਹੀ ਰਿਹਾ ਹੈ। ਤਿਲੋਤਿਮਾ ਸ਼ੋਮ ਨੂੰ ਫਿਲਮ 'ਸਰ' ਲਈ ਸਰਬੋਤਮ ਅਭਿਨੇਤਰੀ ਪੁਰਸਕਾਰ ਮਿਲਿਆ। ਪੁਰਸਕਾਰ ਮਿਲਣ ਤੋਂ ਬਾਅਦ ਖੁਸ਼ ਤਿਲੋਤਿਮਾ ਨੇ ਕਿਹਾ ਕਿ ਮੈਨੂੰ ਮੁੰਬਈ ਵਿੱਚ ਆਏ ਹੋਏ 10 ਸਾਲ ਹੋ ਗਏ ਹਨ ਅਤੇ ਫਿਲਮ ਫੈਸਟੀਵਲ ਵੀ ਆਪਣਾ 10 ਸਾਲ ਦਾ ਸਫਰ ਪੂਰਾ ਕਰ ਰਿਹਾ ਹੈ। ਮੇਰੀਆਂ ਜ਼ਿਆਦਾਤਰ ਫਿਲਮਾਂ ਘੱਟ ਬਜਟ ਦੀਆਂ ਰਹੀਆਂ ਹਨ। ਕਦੇ-ਕਦੇ ਮੈਂ ਇੰਡਸਟਰੀ ਵਿੱਚ ਇਕੱਲੀ ਮਹਿਸੂਸ ਕਰਦੀ ਸੀ। ਇਸ ਤਰ੍ਹਾਂ ਦੇ ਮੰਚ 'ਤੇ ਪੁਰਸਕਾਰ ਪਾ ਕੇ ਮੈਂ ਖੁਦ ਨੂੰ ਸਨਮਾਨਿਤ ਮਹਿਸੂਸ ਕਰ ਰਹੀ ਹਾਂ।

# ਲੌਕਹੀਡ ਨੇ ਐਫ-21 ਜੈਟ ਸਪਲਾਈ ਕਰਨ ਦੀ ਤਜਵੀਜ਼ ਸੌਂਪੀ




ਮੁੰਬਈ, 30 ਸਤੰਬਰ (ਪੋਸਟ ਬਿਊਰੋ)- ਅਮਰੀਕੀ ਹਵਾਈ ਖੇਤਰ ਦੀ ਵੱਡੀ ਕੰਪਨੀ ਲੌਕਹੀਡ ਮਾਰਟਿਨ ਨੇ ਭਾਰਤੀ ਹਵਾਈ ਫੌਜ ਨੂੰ ਐਫ-21 ਲੜਾਕੂ ਜੈਟ ਸਪਲਾਈ ਕਰਨ 'ਚ ਦਿਲਚਸਪੀ ਦਿਖਾਉਂਦਿਆਂ ਤਜਵੀਜ਼ ਸੌਂਪੀ ਹੈ।

ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਜੇ ਕੰਪਨੀ ਦੀ ਬੋਲੀ ਸਵੀਕਾਰ ਹੋ ਗਈ ਤਾਂ ਉਹ 400 ਸਥਾਨਕ ਕੰਪਨੀਆਂ ਨਾਲ ਕੰਮ ਕਰੇਗੀ। ਫੌਜੀ ਸਾਮਾਨ 'ਚ ਟਾਟਾ ਨਾਲ ਦਹਾਕਿਆਂ ਪੁਰਾਣੀ ਭਾਈਵਾਲ ਅਮਰੀਕੀ ਕੰਪਨੀ ਐਫ-16 ਜੈਟਾਂ ਦੇ ਪੁਰਜ਼ੇ ਹੈਦਰਾਬਾਦ ਦੇ ਪਲਾਂਟ ਤੋਂ ਤਿਆਰ ਕਰਨ ਬਾਰੇ ਵਿਚਾਰ ਕਰ ਰਹੀ ਹੈ। ਕੰਪਨੀ ਦੇ ਉਪ ਪ੍ਰਧਾਨ ਵਿਵੇਕ ਲਾਲ ਨੇ ਦੱਸਿਆ ਕਿ ਛੇਤੀ ਹੀ ਉਹ ਦੁਨੀਆ ਨੂੰ ਇਸ ਦੀ ਸਪਲਾਈ ਕਰਨਾ ਸ਼ੁਰੂ ਕਰਨਗੇ। ਹਵਾਈ ਫੌਜ ਵੱਲੋਂ ਦੁਨੀਆ ਦੀਆਂ ਕੰਪਨੀਆਂ ਤੋਂ 114 ਆਧੁਨਿਕ ਲੜਾਕੂ ਜੈਟ ਸਪਲਾਈ ਕਰਨ ਦੀ ਜਾਣਕਾਰੀ ਮੰਗੀ ਗਈ ਸੀ। ਉਨ੍ਹਾਂ 18 ਅਰਬ ਡਾਲਰ ਦਾ ਠੇਕਾ ਦੇਣਾ ਹੈ। ਅਮਰੀਕੀ ਕੰਪਨੀ ਨੂੰ ਠੇਕੇ ਲਈ ਬੋਇੰਗ, ਦਾਸੋ ਅਤੇ ਰੂਸੀ ਮਿਗ 35 ਨਾਲ ਮੁਕਾਬਲਾ ਕਰਨਾ ਪਵੇਗਾ। ਸ੍ਰੀ ਲਾਲ ਨੇ ਭਾਰਤ ਅਤੇ ਅਮਰੀਕਾ ਦੇ ਸਬੰਧਾਂ 'ਚ ਆਏ ਸੁਧਾਰ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੂੰ ਭਾਈਵਾਲੀ ਕਰਕੇ ਕਾਰੋਬਾਰ 'ਚ ਸਹਾਇਤਾ ਮਿਲੇਗੀ। ਉਨ੍ਹਾਂ ਕਿਹਾ ਕਿ ਟਾਟਾ ਦੇ ਹੈਦਰਾਬਾਦ ਪਲਾਂਟ ਵਿੱਚ ਇਕ ਹਜ਼ਾਰ ਮੁਲਾਜ਼ਮ ਹਨ ਅਤੇ ਜੇ ਸਬੰਧਾਂ 'ਚ ਹੋਰ ਸੁਧਾਰ ਹੋਇਆ ਤਾਂ ਇਹ ਗਿਣਤੀ ਹੋਰ ਵੱਧ ਸਕਦੀ ਹੈ।

# ਭਾਜਪਾ ਐੱਮ ਪੀ ਗੌਤਮ ਗੰਭੀਰ ਦੇ ਵਿਰੁੱਧ ਚਾਰਜਸ਼ੀਟ ਦਾਇਰ

ਨਵੀਂ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਗਾਜ਼ੀਆਬਾਦ ਦੇ ਇੰਦਰਾਪੁਰਮ ਵਿੱਚ ਇੱਕ ਬਿਲਡਿੰਗ ਪ੍ਰੋਜੈਕਟ ਵਿੱਚ ਅਪਾਰਟਮੈਂਟ ਦੇ ਖਰੀਦਦਾਰਾਂ ਨੂੰ ਧੋਖਾ ਦੇਣ ਦੇ ਦੋਸ਼ ਵਿੱਚ ਭਾਜਪਾ ਦੇ ਪਾਰਲੀਮੈਂਟ ਮੈਂਬਰ ਗੌਤਮ ਗੰਭੀਰ ਤੇ ਹੋਰਨਾਂ ਖਿਲਾਫ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ ਹੈ। ਪਤਾ ਲੱਗਾ ਹੈ ਕਿ ਇਸ ਚਾਰਜਸ਼ੀਟ ਵਿੱਚ ਦੋਸ਼ ਲਾਇਆ ਗਿਆ ਹੈ ਕਿ ਵਿਕਾਸ ਕਰਤਾਵਾਂ ਨੇ ਸਮਝੌਤੇ ਕਰ ਕੇ ਮਨਜ਼ੂਰ ਸ਼ੁਦਾ ਬਿਲਡਿੰਗ ਯੋਜਨਾ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਖਰੀਦਦਾਰਾਂ ਤੋਂ ਪੈਸੇ ਇਕੱਠੇ ਕੀਤੇ ਸਨ। ਅਧਿਕਾਰੀਆਂ ਨੇ 15 ਅਪ੍ਰੈਲ 2015 ਨੂੰ ਪ੍ਰੋਜੈਕਟਾਂ ਲਈ ਮਨਜ਼ੂਰੀ, ਪ੍ਰਵਾਨਗੀ ਆਦਿ ਰੱਦ ਕਰ ਦਿੱਤੀ ਸੀ, ਕਿਉਂਕਿ ਲੋੜੀਂਦੇ ਲਾਇਸੈਂਸ ਫੀਸਾਂ ਆਦਿ ਦੀ ਅਦਾਇਗੀ ਨਹੀਂ ਕੀਤੀ ਗਈ। ਚਾਰਜਸ਼ੀਟ ਵਿੱਚ ਸ਼ਾਮਲ ਹੋਰ ਦੋਸ਼ੀ ਇਸ ਫਰਮ ਦੇ ਮਾਲਕ ਤੇ ਇਸ ਦੇ ਪ੍ਰਮੋਟਰ ਹਨ। ਚਾਰਜਸ਼ੀਟ ਵਿੱਚ ਕੁਝ ਖਰੀਦਦਾਰਾਂ ਵੱਲੋਂ ਸ਼ਿਕਾਇਤਾਂ ਦਾਇਰ ਕਰਨ ਤੋਂ ਬਾਅਦ ਦੋਸ਼ ਲਾਇਆ ਗਿਆ ਕਿ ਦੋਸ਼ੀ ਵਿਅਕਤੀਆਂ ਨੇ ਪ੍ਰੋਜੈਕਟ ਵਿੱਚ ਨਿਵੇਸ਼ ਦਾ ਲਾਲਚ ਦੇ ਕੇ ਉਨ੍ਹਾਂ ਨਾਲ ਧੋਖਾ ਕੀਤਾ। ਸੈਸ਼ਨ ਕੋਰਟ ਨੇ ਪਿਛਲੇ ਸਾਲ ਗੌਤਮ ਗੰਭੀਰ ਵੱਲੋਂ ਦਾਇਰ ਕੀਤੀ ਇੱਕ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਨੂੰ ਮੈਟਰੋਪਾਲੀਟਨ ਮੈਜਿਸਟਰੇਟ ਅਦਾਲਤ ਨੇ ਦੋਸ਼ੀਆਂ ਦੇ ਤੌਰ 'ਤੇ ਖਰੀਦਦਾਰਾਂ ਨਾਲ ਧੋਖਾ ਕਰਨ ਦੇ ਦੋਸ਼ ਵਿੱਚ ਮੁਲਜ਼ਮ ਵਜੋਂ ਤਲਬ ਕਰਨ ਨੂੰ ਚੁਣੌਤੀ ਦਿੱਤੀ ਗਈ ਸੀ। ਦਿੱਲੀ ਪੁਲਸ ਨੇ ਗੌਤਮ ਗੰਭੀਰ ਨੂੰ ਲੋੜੀਂਦੇ ਸਬੂਤਾਂ ਦੀ ਘਾਟ ਕਾਰਨ ਚਾਰਜਸ਼ੀਟ ਨਹੀਂ ਦਿੱਤੀ, ਪਰ ਮੈਜਿਸਟਰੇਟ ਅਦਾਲਤ ਨੇ ਜਾਂਚ ਰਿਪੋਰਟ ਪਿੱਛੋਂ ਉਸ ਨੂੰ ਸੰਮਨ ਜਾਰੀ ਕੀਤਾ ਸੀ। ਆਪਣੀ ਅਪੀਲ ਵਿੱਚ ਗੌਤਮ ਗੰਭੀਰ ਨੇ ਦਲੀਲ ਦਿੱਤੀ ਕਿ ਉਹ ਸਿਰਫ ਪ੍ਰੋਜੈਕਟ ਦੇ ਬ੍ਰੈਂਡ ਸੀਰਾ ਬੈਲਾ/ ਪਾਵੋ ਦੇ ਬ੍ਰਾਂਡ ਅੰਬੈਸਡਰ ਹਨ, ਜੋ ਰੁਦਰਾ ਬਿਲਡਵੈਲ ਰਿਐਲਿਟੀ ਪ੍ਰਾਈਵੇਟ ਲਿਮਟਿਡ ਵੱਲੋਂ ਲਾਂਚ ਕੀਤਾ ਗਿਆ ਸੀ। ਬ੍ਰਾਂਡ ਅੰਬੈਸਡਰ ਬਣਨਾ ਇਕੱਲੇ ਇਹ ਦਿਖਾਉਣ ਲਈ ਕਾਫੀ ਨਹੀਂ ਕਿ ਉਸ ਨੇ ਖਰੀਦਦਾਰੀ ਨੂੰ ਪ੍ਰੋਜੈਕਟ ਵਿਚਲੇ ਫਲੈਟ ਖਰੀਦਣ ਲਈ ਪ੍ਰੇਰਿਆ। ਇਸ ਤੋਂ ਇਲਾਵਾ ਉਹ ਇਸ ਫਰਮ ਵਿੱਚ ਕਿਸੇ ਵੀ ਇਕੁਇਟੀ ਹਿੱਸੇਦਾਰੀ ਦੇ ਮਾਲਕ ਨਹੀਂ ਸੀ, ਗੰਭੀਰ ਦੇ ਵਕੀਲ ਨੇ ਅੱਗੇ ਕਿਹਾ ਕਿ ਪੁਲਸ ਵੱਲੋਂ ਉਸ ਵਿਰੁੱਧ ਕੋਈ ਚਾਰਜਸ਼ੀਟ ਵੀ ਨਹੀਂ ਦਾਇਰ ਕੀਤੀ ਗਈ।

## ਗੈਂਗਸਟਰ ਬਿਸ਼ਨੋਈ ਦੇ 165 ਤੋਂ ਵੱਧ ਸੋਸ਼ਲ ਮੀਡੀਆ ਅਕਾਊਂਟ ਪਤਾ ਲੱਗੇ

ਚੰਡੀਗੜ੍ਹ, 30 ਸਤੰਬਰ (ਪੋਸਟ ਬਿਊਰੋ)- ਸੋਨੂੰ ਸ਼ਾਹ ਦੇ ਕਤਲ ਦੀ ਲਾਰੈਂਸ ਬਿਸ਼ਨੋਈ ਦੇ ਫੇਸਬੁੱਕ ਅਕਾਊਂਟ ਉੱਤੇ ਜ਼ਿੰਮੇਵਾਰੀ ਲੈਣ ਤੋਂ ਬਾਅਦ ਵੱਖ-ਵੱਖ ਪੁਲਸ ਟੀਮਾਂ ਆਈ ਡੀ ਦੇ ਅਸਲੀ ਜਾਂ ਨਕਲੀ ਹੋਣ ਦਾ ਪਤਾ ਲਾਉਣ ਵਿੱਚ ਜੁਟ ਗਈਆਂ ਹਨ। ਦੂਸਰੇ ਪਾਸੇ ਸੋਨੂੰ ਸ਼ਾਹ ਦੇ ਪਰਵਾਰਕ ਮੈਂਬਰ ਵੀ ਆਪਣੀ ਸ਼ਿਕਾਇਤ 'ਚ ਗੈਂਗਸਟਰ ਬਿਸ਼ਨੋਈ ਤੇ ਸੰਪਤ ਨਹਿਰਾ 'ਤੇ ਸ਼ੱਕ ਜ਼ਾਹਰ ਕਰ ਚੁੱਕੇ ਹਨ।

ਸੂਤਰਾਂ ਅਨੁਸਾਰ ਇਕ ਸਾਲ ਪਹਿਲਾਂ ਰਾਜਸਥਾਨ ਪੁਲਸ ਜਾਂਚ ਵਿੱਚ ਲਾਰੈਂਸ ਬਿਸ਼ਨੋਈ ਦੇ ਨਾਂ 'ਤੇ 165 ਤੋਂ ਵੱਧ ਫੇਸਬੁੱਕ ਆਈ ਡੀਜ਼ ਹੋਣ ਦੇ ਮਾਮਲੇ ਸਾਹਮਣੇ ਆਉਣ 'ਤੇ ਹਰਿਆਣਾ ਪੁਲਸ ਕੋਲੋਂ ਸੰਚਾਲਕਾਂ ਨੂੰ ਲੱਭਣ 'ਚ ਮਦਦ ਵੀ ਮੰਗੀ ਗਈ ਸੀ। ਉਕਤ 'ਚੋਂ ਗੈਂਗ ਦੇ ਮੈਂਬਰਾਂ ਵੱਲੋਂ 20 ਤੋਂ 22 ਆਈ ਡੀਜ਼ 'ਤੇ ਪੁਲਸ ਹਰ ਵੇਲੇ ਨਜ਼ਰ ਰੱਖ ਰਹੀ ਹੈ। ਸਾਰੀਆਂ ਸੋਸ਼ਲ ਆਈ ਡੀਜ਼ ਨੂੰ ਗਰੋਹ ਮੁਖੀ ਬਿਸ਼ਨੋਈ ਦੇ ਨਿਸ਼ਾਨਦੇਹੀ 'ਤੇ ਲਾਰੈਂਸ ਗੈਂਗ ਦੇ ਮੈਂਬਰ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਬੈਠ ਕੇ ਅਪਰੇਟ ਕਰਦੇ ਹਨ। ਰਾਜਸਥਾਨ ਪੁਲਸ ਦੀ ਪੁੱਛਗਿੱਛ ਤੇ ਜਾਂਚ ਦੌਰਾਨ ਖੁਲਾਸਾ ਕਰਨ ਤੋਂ ਬਾਅਦ ਤੁਰੰਤ ਡੀ ਜੀ ਪੀ ਨੇ ਉਚ ਅਧਿਕਾਰੀਆਂ ਨੂੰ ਪੱਤਰ ਲਿਖਿਆ ਸੀ ਕਿ ਗੈਂਗਸਟਰ ਅਕਸਰ ਸੋਸ਼ਲ ਮੀਡੀਆ 'ਤੇ ਵੱਖ-ਵੱਖ ਤਰ੍ਹਾਂ ਦੀਆਂ ਪੋਸਟਾਂ ਪਾ ਕੇ ਆਪਣੀ ਸਰਗਰਮੀ ਵਿਖਾਉਂਦੇ ਹਨ। ਸਤੰਬਰ ਵਿੱਚ ਇਕ ਨਾਮੀ ਨਾਇਟ ਕਲੱਬ ਤੋਂ ਪ੍ਰੋਟੈਕਸ਼ਨ ਮਨੀ ਦੀ ਡਿਮਾਂਡ ਕਰਨ ਅਤੇ ਸੋਨੂੰ ਸ਼ਾਹ ਦੇ ਕਤਲ ਕਰਨ ਦੇ ਮਾਮਲੇ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂ ਸਾਹਮਣੇ ਆਇਆ ਹੈ, ਜਦ ਕਿ ਹਾਲ ਦੀ ਘੜੀ ਲਾਰੈਂਸ ਬਿਸ਼ਨੋਈ ਰਾਜਸਥਾਨ ਦੀ ਜੋਧਪੁਰ ਜੇਲ੍ਹ 'ਚ ਬੰਦ ਹੈ।

# ਬਜ਼ੁਰਗ ਮਾਂ-ਬਾਪ ਨਾਲ ਬੁਰਾ ਵਿਹਾਰ ਰੋਕਣ ਦੇ ਮੌਜੂਦਾ ਕਾਨੂੰਨ ਦੀ ਸਮੀਖਿਆ ਹੋਵੇਗੀ



ਨਵੀ ਦਿੱਲੀ, 30 ਸਤੰਬਰ (ਪੋਸਟ ਬਿਊਰੋ)- ਬਜ਼ੁਰਗ ਮਾਂ-ਬਾਪ ਨਾਲ ਬੁਰਾ ਵਿਹਾਰ ਅਤੇ ਉਨ੍ਹਾਂ ਨੂੰ ਛੱਡ ਦੇਣ ਦੇ ਖਿਲਾਫ ਇਕ ਮਜ਼ਬੂਤ ਕਾਨੂੰਨ ਲਾਗੂ ਹੋਣ ਵਿੱਚ ਥੋੜ੍ਹੀ ਦੇਰੀ ਹੋ ਸਕਦੀ ਹੈ, ਕਿਉਂਕਿ ਪ੍ਰਧਾਨ ਮੰਤਰੀ ਦਫਤਰ (ਪੀ ਐਮ ਓ) ਨੇ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ ਨੂੰ ਕਿਹਾ ਕਿ ਕਿਸੇ ਤੀਸਰੇ ਪੱਖ ਤੋਂ ਪਤਾ ਲਗਾਉਣ ਕਿ ਇਸ ਬਾਰੇ ਵਿੱਚ ਮੌਜੂਦਾ ਕਾਨੂੰਨ ਕਿੰਨੇ ਅਸਰਦਾਇਕ ਹਨ।

ਇੱਕ ਸੀਨੀਅਰ ਅਧਿਕਾਰੀ ਦੇ ਮੁਤਾਬਕ ਮੰਤਰਾਲੇ ਨੇ ਮਾਤਾ ਪਿਤਾ ਅਤੇ ਸੀਨੀਅਰ ਨਾਗਰਿਕਾਂ ਦਾ ਰੱਖ ਰਖਾਅ ਅਤੇ ਕਲਿਆਣ ਐਕਟ, 2007 ਵਿੱਚ ਸੋਧ ਦੇ ਤਹਿਤ ਪ੍ਰਸਤਾਵ ਕੀਤਾ ਹੈ ਜੋ ਲੋਕ ਆਪਣੇ ਬਜ਼ੁਰਗ ਮਾਤਾ ਪਿਤਾ ਦੇ ਨਾਲ ਬੁਰਾ ਵਿਹਾਰ ਕਰਦੇ ਹਨ ਜਾਂ ਉਨ੍ਹਾਂ ਨੂੰ ਛੱਡ ਦਿੰਦੇ ਹਨ, ਉਨ੍ਹਾਂ ਲਈ ਜੇਲ੍ਹ ਦੀ ਸਜ਼ਾ ਨੂੰ ਮੌਜੂਦਾ ਤਿੰਨ ਮਹੀਨੇ ਵਧਾ ਕੇ ਛੇ ਮਹੀਨੇ ਕੀਤਾ ਜਾਵੇ। ਮੋਦੀ ਸਰਕਾਰ ਦੇ ਦੂਸਰੇ ਕਾਰਜਕਾਲ ਦੌਰਾਨ ਮੰਤਰਾਲੇ ਦੀਆਂ ਮਹੱਤਵ ਪੂਰਨ ਪ੍ਰਾਥਮਿਕਤਾਵਾਂ ਵਿੱਚ ਮੌਜੂਦਾ ਕਾਨੂੰਨ ਨੂੰ ਮਜਬੂਤ ਕਰਨਾ ਸ਼ਾਮਲ ਹੈ। ਕਾਨੂੰਨ ਦੇ ਮੌਜੂਦਾ ਰੂਪ ਵਿੱਚ ਬੱਚਿਆਂ ਅਤੇ ਵਾਰਸਾਂ ਦਾ ਇਹ ਕਾਨੂੰਨੀ ਫਰਜ਼ ਹੈ ਕਿ ਉਹ ਸੀਨੀਅਰ ਨਾਗਰਿਕਾਂ ਅਤੇ ਮਾਤਾ ਪਿਤਾ ਦਾ ਪਾਲਣ-ਪੋਸ਼ਣ ਕਰਨ। ਸੂਤਰਾਂ ਮੁਤਾਬਕ ਮੰਤਰਾਲੇ ਨੇ ਸੋਧ ਐਕਟ ਤਿਆਰ ਕਰ ਕੇ ਪੀ ਐਮ ਓ ਕੋਲ ਭੇਜਿਆ ਹੈ। ਸੂਤਰਾਂ ਨੇ ਦੱਸਿਆ ਕਿ ਮੰਤਰਾਲੇ ਨੇ ਇਸ ਦੀ ਪ੍ਰਤੀਕਿਰਿਆ ਸ਼ੁਰੂ ਕਰ ਦਿੱਤੀ ਹੈ। ਮਸੌਦਾ ਕਾਨੂੰਨ ਵਿੱਚ ਬੱਚਿਆਂ ਦੀ ਪਰਿਭਾਸ਼ਾ ਨੂੰ ਵੀ ਵਿਆਪਕ ਕੀਤਾ ਹੈ ਅਤੇ ਇਸ ਵਿੱਚ ਗੋਦ ਲਏ ਬੱਚਿਆਂ ਜਾਂ ਮਤਰੇਏ ਬੱਚਿਆਂ, ਜਵਾਈ ਅਤੇ ਨੂੰਹ, ਪੋਤੇ ਅਤੇ ਨਾਬਾਲਗਾਂ (ਜਿੰਨ੍ਹਾਂ ਦਾ ਪ੍ਰਤੀਨਿਧਤਵ ਉਨ੍ਹਾਂ ਦੇ ਕਾਨੂੰਨੀ ਮਾਪੇ ਕਰ ਰਹੇ ਹਨ) ਨੂੰ ਸ਼ਾਮਲ ਕੀਤਾ ਗਿਆ ਹੈ। ਅਜੇ ਇਸ ਪਰਿਭਾਸ਼ਾ ਵਿੱਚ ਸਿਰਫ ਬੇਟਾ- ਬੇਟੀ ਅਤੇ ਪੋਤੇ ਸ਼ਾਮਲ ਹਨ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN
Hankook
Continental
ROADLUX
BFGoodrich
AEOLUS
COMPASAL
Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
1715 Sismet Rd, Mississauga | Call Ranjit: 416.624.8351 | Tel: 905.625.0055

# ਕੈਸਲਮੋਰ ਸੀਨੀਅਰ ਕਲੱਬ ਵੱਲੋਂ ਫੈਮਿਲੀ ਫਨ 2019 ਦੀ ਵਿਦਾਇਗੀ ਪਾਰਟੀ







ਕੈਸਲਮੋਰ ਸੀਨੀਅਰਜ਼ ਕਲੱਬ ਵਲੋਂ ਫੈਮਿਲੀ ਫਨ 2019 'ਤੇ ਵਿਦਾਇਗੀ ਪਾਰਟੀ ਗੋਰਮਿਉਡਜ਼ ਕਮਿਉਨਿਟੀ ਹਾਲ ਦੇ ਵੱਡੇ ਹਾਲ 'ਚ ਬੀਤੀ 28 ਸਤੰਬਰ ਨੂੰ ਹੋਈ। ਇਸ ਵਿਚ 200 ਦੇ ਕਰੀਬ ਸੀਨੀਅਰ ਕਲੱਬ ਮੈਂਬਰਜ਼ ਸ਼ਾਮਲ ਹੋਏ। ਕਲੱਬ ਪ੍ਰਧਾਨ ਗੁਰਮੇਲ ਸਿੰਘ ਸੱਗੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਈਵੈਂਟ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦੌਰਾਨ ਗੀਤੀ ਸੰਗੀਤ ਦੌਰਾਨ ਜਾਗੋ ਕੱਢਣ ਦਾ ਵੀ ਪ੍ਰਬੰਧ ਵੀ ਕੀਤਾ ਗਿਆ, ਜਿਸ ਦੀ ਪੇਸ਼ਕਾਰੀ ਸ਼ਾਈਨ ਵੂਮੈਨ ਸੀਨੀਅਰਜ਼ ਕਲੱਬ ਨੇ ਬੜੀ ਹੀ ਵਧੀਆ ਤਰੀਕੇ ਨਾਲ ਕੀਤੀ। ਇਸ ਦੌਰਾਨ ਗੁਰਪ੍ਰੀਤ ਸਿੰਘ ਸਿਟੀ ਰੀਜਨਲ ਕੌਂਸਲਰ, ਹਰਕੀਰਤ ਸਿੰਘ ਕੌਂਸਲਰ ਤੇ ਸਿਟੀ ਸਟਾਰ ਬਰੈਂਪਟਨ ਵੀ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਕਲੱਬ ਕਮੇਟੀ ਦੇ ਐਡਵਾਈਜ਼ਰ ਸ਼੍ਰੀ ਸਤਵੰਤ ਸਿੰਘ ਬੋਪਾਰਾਏ ਦੀ ਅਗਵਾਈ ਵਿਚ ਪਹਿਲਾਂ ਹੋਈ ਮੀਟਿੰਗ 'ਚ ਫੈਸਲਾ ਲੈ ਕੇ ਬਰੈਪਟਨ ਦੇ 11 ਨਾਮੀ ਸੀਨੀਅਰਜ਼ ਕਲੱਬ ਦੇ ਪ੍ਰਧਾਨ, ਸਕੱਤਰ ਸੱਦੇ 'ਤੇ ਇਸ ਈਵੈਂਟ ਵਿਚ ਸ਼ਾਮਲ ਹੋਏ। ਕਲੱਬ ਦ ਪ੍ਰਧਾਨ ਗੁਰਮੇਲ ਸਿੰਘ ਸੱਗੂ ਨੇ ਸਾਰਿਆ ਦਾ ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 । 204-510-1423

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8" ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, ਉਮਰ 35 ਸਾਲ, ਕੱਦ 5'-4", ਡੈਂਟਲ ਅਸਿਸਟੈਂਟ ਡਿਪਲੋਮਾ ਤੇ ਨੈਨੀ ਕੋਰਸ, ਵਿਜ਼ੀਟਰ ਵਿਜ਼ੇ ਤੇ ਆਈ ਲੜਕੀ ਲਈ PR ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 780-236-5046

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਰ, ਉਮਰ 36 ਸਾਲ, 5'-7", Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। Send Bio Data through Whatsapp at: +91 97802-16716 ਜਾਂ ਕਾਲ ਕਰੋ: 647-766-7137

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129
Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਜੋਹਲ ਲੜਕੀ, 1987 ਭੋਰਨ, ਕੱਦ 5'-7"ਕੈਨੇਡਾ ਵਿੱਚ P.R ,B.sc Nursing, ਤੇ ਕੈਨੇਡਾ ਵਿੱਚ ਰਜਿਸਟਰਡ ਨਰਸ, Divorcee ਲੜਕੀ ਲਈ P.R ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 306-480-1229 । 416-436-3787

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3", ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

Honesty, Reliability, Commitment
SELL FOR MORE BUY FOR LESS
- 1 yr Home Warranty
Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਸਕਾਟਲੈਂਡ ਦੀ ਰੇਂਜਰਜ਼ ਤੇ ਭਾਰਤ ਦੀ ਬੈਂਗਲੁਰੂ ਫੁੱਟਬਾਲ ਕਲੱਬ 'ਚ ਹੋਇਆ ਖੇਡ ਸਮਝੌਤਾ

## ਦੋਵੇਂ ਕਲੱਬਾਂ ਨੂੰ ਵਿਸ਼ਵ ਮੰਚ 'ਤੇ ਇਕੱਠੇ ਵਿਚਰਣ ਦਾ ਮੌਕਾ ਮਿਲੇਗਾ : ਸਟੂਅਰਟ ਰੌਬਰਟਸਨ




ਲੰਡਨ/ਗਲਾਸਗੋ, 30 ਸਤੰਬਰ (ਮਨਦੀਪ ਖੁਰਮੀ ਹਿੰਮਤਪੁਰਾ): ਇੰਗਲੈਂਡ ਦੀਆਂ ਸਮੁੱਚੀਆਂ ਫੁੱਟਬਾਲ ਕਲੱਬਾਂ ਵਿੱਚ ਗਲਾਸਗੋ ਸਥਿਤ ਰੇਂਜਰਜ ਫੁੱਟਬਾਲ ਕਲੱਬ ਦਾ ਅਹਿਮ ਸਥਾਨ ਹੈ। ਬੀਤੇ ਦਿਨੀਂ ਰੇਂਜਰਜ ਵੱਲੋਂ ਭਾਰਤ ਦੀ ਬੈਂਗਲੁਰੂ ਫੁੱਟਬਾਲ ਕਲੱਬ ਨਾਲ ਦੋ ਸਾਲਾ ਸਮਝੌਤਾ ਨੇਪਰੇ ਚੜ੍ਹਿਆ ਹੈ। ਰੇਂਜਰਜ਼ ਸਟੇਡੀਅਮ ਦੇ ਪ੍ਰੈੱਸ ਕਾਨਫਰੰਸ ਹਾਲ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੇਂਜਰਜ਼ ਦੇ ਮੈਨੇਜਿੰਗ ਡਾਇਰੈਕਟਰ ਸਟੂਅਰਟ ਰੌਬਰਟਸਨ ਅਤੇ ਬੈਂਗਲੁਰੂ ਦੇ ਚੀਫ ਐਗਜੈਕਟਿਵ ਮੈਨਡਰ ਤਮਹਾਨੇ ਨੇ ਦੋਵੇਂ ਕਲੱਬਾਂ ਦਰਮਿਆਨ ਹੋਏ ਖੇਡ ਸਮਝੌਤੇ ਦਾ ਰਸਮੀ ਐਲਾਨ ਕੀਤਾ। ਇਸ ਸਮੇਂ ਏਸ਼ੀਅਨ ਭਾਈਚਾਰੇ ਦੀ ਤਰਫੋਂ ਵਿਸ਼ੇਸ਼ ਸੱਦੇ 'ਤੇ ਪਹੁੰਚੇ ਅਨਸ ਸਰਵਰ (ਐੱਮ ਐੱਸ ਪੀ), ਸਾਬਕਾ ਕੌਂਸਲਰ ਤੇ ਬਿਜਨਸਮੈਨ ਸੋਹਣ ਸਿੰਘ ਰੰਧਾਵਾ, ਪ੍ਰੇਮ ਬਾਠ, ਸੱਤੀ ਸਿੰਘ, ਕੈਸ਼ ਟਾਂਕ ਨੇ ਜਗਬਾਣੀ ਨਾਲ ਗੱਲਬਾਤ ਕਰਦਿਆਂ ਇਸ ਸਾਂਝ ਨੂੰ ਇਤਿਹਾਸਕ ਦੱਸਦਿਆਂ ਦੋਵੇਂ ਦੇਸ਼ਾਂ ਦੇ ਖਿਡਾਰੀਆਂ ਲਈ ਸੁਭਕਾਮਨਾਵਾਂ ਭੇਂਟ ਕੀਤੀਆਂ। ਸੋਹਣ ਸਿੰਘ ਰੰਧਾਵਾ ਨੇ ਰੇਂਜਰਜ਼ ਨਾਲ ਬੈਂਗਲੁਰੂ ਕਲੱਬ ਦੀ ਪਈ ਗਲਵੱਕੜੀ ਨੂੰ ਭਾਰਤੀ ਫੁੱਟਬਾਲ ਲਈ ਸ਼ੁਭ ਸ਼ਗਨ ਦੱਸਦਿਆਂ ਕਿਹਾ ਕਿ ਸਮੁੱਚੇ ਖੇਡ ਪ੍ਰੇਮੀਆਂ ਦੀਆਂ ਨਜ਼ਰਾਂ ਇਸ ਸਾਂਝ ਦੇ ਪਲ ਦਰ ਪਲ ਹੋਰ ਗੂੜ੍ਹੀ ਹੁੰਦੇ ਰਹਿਣ 'ਤੇ ਟਿਕੀਆਂ ਰਹਿਣਗੀਆਂ। ਜਿਕਰਯੋਗ ਹੈ ਕਿ ਜਿੱਥੇ ਬੈਂਗਲੁਰੂ ਫੁੱਟਬਾਲ ਕਲੱਬ ਦਾ ਜਨਮ ਮਹਿਜ 2013 ਵਿੱਚ ਹੀ ਹੋਇਆ ਸੀ ਉੱਥੇ ਰੇਂਜਰਜ ਕਲੱਬ 1872 'ਚ ਸਥਾਪਿਤ ਹੋਈ ਸੀ। ਰੇਂਜਰਜ ਕਲੱਬ ਨੂੰ ਮਾਣ ਹੈ, ਜਿਸਨੇ ਲੀਗ ਖਿਤਾਬ 54 ਵਾਰ, ਸਕਾਟਿਸ਼ ਕੱਪ 33 ਵਾਰ, ਸਕਾਟਿਸ਼ ਲੀਗ ਕੱਪ 'ਤੇ 27 ਵਾਰ ਜਿੱਤ ਹਾਸਲ ਕਰ ਚੁੱਕੀ ਹੈ। ਰੇਂਜਰਜ਼ ਦੇ ਕਮਰਸ਼ੀਅਲ ਤੇ ਮਾਰਕੀਟਿੰਗ ਡਾਇਰੈਕਟਰ ਜੇਮਜ਼ ਬਿਸਗਰੋਵ ਅਤੇ ਸੌਸਰ ਸਕੂਲਜ਼ ਮੈਨੇਜਰ ਗੈਰੀ ਗਿਬਸਨ ਨੇ ਇਸ ਭਾਈਵਾਲੀ ਰਾਂਹੀ ਫੁੱਟਬਾਲ ਜਗਤ ਨਾਲ ਜੁੜੇ ਵਪਾਰ 'ਚ ਬਿਹਤਰ ਕਾਰਜ ਕਰਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਧੀਆ ਖੇਡ ਪ੍ਰਦਰਸ਼ਨ ਕਰਨ ਦੀ ਮਨਸ਼ਾ ਜਾਹਿਰ ਕੀਤੀ।

# ਸੀਨੀਅਰ ਏਸ਼ੀਅਨ ਐਸੋਸੀਏਸ਼ਨ ਕਲੱਬ ਮਾਲਟਨ ਦੀ ਚੋਣ ਸਰਬ ਸੰਮਤੀ ਨਾਲ ਹੋਈ

ਬੀਤੀ 27 ਸਤੰਬਰ ਨੂੰ ਸੀਨੀਅਰ ਮਲਟੀਕਲਚਰ ਕਲੱਬ ਤੇ ਸੀਨੀਅਰ ਐਸੋਸੀਏਸ਼ਨ ਦੇ ਰਲੇਵੇਂ ਮਗਰੋਂ ਚੋਣ ਸਰਬ ਸੰਮਤੀ ਨਾਲ ਹੋਈ। ਜਿਸ ਵਿਚ ਸੁਖਮਿੰਦਰ ਰਾਮਪੁਰੀ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਸਭਾ ਨੇ ਸਾਰੇ ਅਹੁਦੇਦਾਰ ਚੁਣਨ ਦੇ ਅਧਿਕਾਰ ਵੀ ਪ੍ਰਧਾਨ ਨੂੰ ਦੇ ਦਿੱਤੇ। ਇਸ ਚੋਣ ਦੌਰਾਨ ਸ਼੍ਰੀ ਮਹਿੰਦਰਪਾਲ ਕਪੂਰ ਨੂੰ ਮੀਤ ਪ੍ਰਧਾਨ, ਸ਼੍ਰੀ ਜੋਗਿੰਦਰ ਸਿੰਘ ਅਣਖੀਲਾ ਨੂੰ ਜਨਰਲ ਸਕੱਤਰ, ਸਰਦੂਲ ਸਿੰਘ ਗਿੱਲ ਖਜ਼ਾਨਚੀ ਨਾਮਜ਼ਦ ਕੀਤੇ ਗਏ। ਇਸ ਤੋਂ ਇਲਾਵਾ ਸ਼੍ਰੀ ਦਰਸ਼ਨ ਸਿੰਘ ਲਾਪਰ, ਸ਼੍ਰੀ ਜਗਜੀਤ ਸਿੰਘ ਦਿਓਲ, ਸ਼੍ਰੀ ਜਰਨੈਲ ਸਿੰਘ ਉਪਲ, ਸ਼੍ਰੀ ਜਰਨੈਲ ਸਿੰਘ ਸੇਖੋਂ ਤੇ ਸ਼੍ਰੀ ਬਲਦੇਵ ਸਿੰਘ ਡਾਇਰੈਕਟਰ ਚੁਣੇ ਗਏ। ਸ਼੍ਰੀ ਸੁਖਦੇਵ ਸਿੰਘ ਭੱਠਲ ਨੂੰ ਆਡੀਟਰ ਨਿਯੁਕਤ ਕੀਤਾ ਗਿਆ। ਸ਼੍ਰੀ ਅਮਰੀਕ ਸਿੰਘ ਲਾਲੀ ਚੋਣ ਅਫ਼ਸਰ ਨੇ ਅੱਜ ਦੀ ਚੋਣ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਭਾ ਨੂੰ ਤੇ ਚੁਣੇ ਗਏ ਮੈਂਬਰਾਂ ਨੂੰ ਵਧਾਈ ਦਿੱਤੀ। ਵਧੇਰੇ ਜਾਣਕਾਰੀ ਲਈ ਸੁਖਮਿੰਦਰ ਸਿੰਘ ਰਾਮਪੁਰੀ ਨਾਲ 416-400-2131 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

HOUSE FOR RENT ਰੈਂਟ $2,400
ਵਧੀਆ ਤੇ ਸ਼ਾਨਦਾਰ ਸੈਮੀ ਡਿਟੈਚਡ ਘਰ
3 Bedroom + Office
2 Car parking + Garage
William Pkwy & Chinguacousy, Brampton
647-765-8644 | nsrespect@gmail.com

ਫੈਨਸਾਂ ਜਾਂ ਘਰਾਂ ਦਾ ਰੰਗ ਕਰਨ ਲਈ,
8 ਸਾਲਾਂ ਦਾ ਤਜ਼ਰਬਾ, ਵਾਜਿਬ ਰੇਟ ਤੇ ਸਮੇ ਸਿਰ ਕੰਮ
647 202 7902 ਜਾਂ 647 794 6514
ਰੇਟ: $14/ਘੰਟਾ

# ਗਲਾਸਗੋ ਵਿਖੇ ਸੈਮਸਾ ਦੇ ਪ੍ਰਬੰਧਾਂ ਹੇਠ ਹੋਈ 21ਵੀਂ ਯੂ.ਕੇ. ਏਸ਼ੀਅਨ ਫੁੱਟਬਾਲ ਚੈਂਪੀਅਨਸ਼ਿਪ

## *ਆਜ਼ਾਦ ਸਪੋਰਟਸ ਕਲੱਬ ਨੇ ਕੀਤਾ ਜੇਤੂ ਟਰਾਫੀ 'ਤੇ ਕਬਜ਼ਾ *ਖਿਡਾਰੀਆਂ ਨੂੰ ਵਿਸ਼ਵ ਪੱਧਰੀ ਮੰਚ ਦੇਣਾ ਹੀ ਸਾਡਾ ਸੁਪਨਾ : ਦਿਲਾਵਰ ਸਿੰਘ





ਲੰਡਨ/ਗਲਾਸਗੋ, 30 ਸਤੰਬਰ (ਮਨਦੀਪ ਖੁਰਮੀ ਹਿੰਮਤਪੁਰਾ): ਸਕਾਟਿਸ਼ ਨਸਲੀ ਘੱਟਗਿਣਤੀ ਖੇਡ ਸੰਸਥਾ (ਸੈਮਸਾ) ਦੇ ਪ੍ਰਬੰਧਾਂ ਹੇਠ ਗਲਾਗਸੋ ਵਿਖੇ 21ਵੀਂ ਯੂ.ਕੇ. ਏਸ਼ੀਅਨ ਫੁੱਟਬਾਲ ਚੈਂਪੀਅਨਸ਼ਿਪ ਕਰਵਾਈ ਗਈ। ਜਿਸ ਵਿੱਚ ਵੱਖ ਵੱਖ ਰੰਗਾਂ, ਨਸਲਾਂ, ਭਾਈਚਾਰਿਆਂ ਦੇ ਹੁਨਰਮੰਦ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਮੰਚ ਮੁਹੱਈਆ ਕਰਵਾਉਣ ਦੇ ਮਨਸ਼ੇ ਤਹਿਤ ਪਿਛਲੇ 21 ਵਰ੍ਹਿਆਂ ਤੋਂ ਸੈਮਸਾ ਵੱਲੋਂ ਕੋਸ਼ਿਸ਼ਾਂ ਜਾਰੀ ਹਨ। ਗਲਾਸਗੋ ਸਿਟੀ ਕੌਂਸਲ, ਰੌਇਲ ਨੇਵੀ, ਰੌਇਲ ਏਅਰ ਫੋਰਸ, ਬਰਿਟਿਸ਼ ਆਰਮੀ, ਰੇਂਜਰਜ ਫੁੱਟਬਾਲ ਕਲੱਬ, ਸੈਲਟਿਕ ਫੁੱਟਬਾਲ ਕਲੱਬ, ਪੋਲਿਸ ਸਕੌਟਲੈਂਡ, ਸਪੋਰਟਸ ਕੌਂਸਲ ਫੌਰ ਗਲਾਸਗੋ, ਗਲਾਸਗੋ ਸਪੋਰਟ ਅਤੇ ਗਲਾਸਗੋ ਲਾਈਵ ਸਮੇਤ ਹੋਰ ਵੀ ਅਨੇਕਾਂ ਵੱਕਾਰੀ ਸੰਸਥਾਂਵਾਂ ਵੱਲੋਂ ਇੰਗਲੈਂਡ ਭਰ 'ਚੋਂ ਪਹੁੰਚੇ ਖਿਡਾਰੀਆਂ ਨੂੰ ਜੀ ਆਇਆਂ ਕਿਹਾ ਗਿਆ। ਇਸ ਚੈਂਪੀਅਨਸ਼ਿਪ ਦੌਰਾਨ ਸਪੋਰਟਿੰਗ ਬੰਗਾਲ, ਕੌਪਿਸ ਯੂਨਾਈਟਡ, ਗੁਰਖਾਜ਼, ਬੋਲਟਨ ਯੂਨਾਈਟਡ, ਬਲੈਕਬਰਨ ਯੂਨਾਈਟਡ, ਵੈੱਲ ਫਾਊਂਡੇਸ਼ਨ, ਆਜ਼ਾਦ ਸਪੋਰਟਸ, ਬੰਗਾਲ ਡਰੈਗਨ ਆਦਿ ਕਲੱਬਾਂ ਨੇ ਹਿੱਸਾ ਲਿਆ। ਗਲਾਸਗੋ ਗਰੀਨ ਫੁੱਟਬਾਲ ਸੈਂਟਰ ਦੇ ਮੈਦਾਨਾਂ 'ਚ ਹੋਏ ਗਹਿਗੱਚ ਮੁਕਾਬਲਿਆਂ 'ਚੋਂ ਕੌਪਿਸ ਯੂਨਾਈਟਡ ਫੁੱਟਬਾਲ ਕਲੱਬ ਅਤੇ ਆਜ਼ਾਦ ਸਪੋਰਟਸ ਫੁੱਟਬਾਲ ਕਲੱਬ ਫਾਈਨਲ ਮੁਕਾਬਲੇ ਲਈ ਜੇਤੂ ਟੀਮਾਂ ਵਜੋਂ ਉੱਭਰ ਕੇ ਸਾਹਮਣੇ ਆਈਆਂ। ਜ਼ਿਕਰਯੋਗ ਹੈ ਕਿ ਹਰ ਵਰ੍ਹੇ ਹੀ ਫਾਈਨਲ ਮੈਚ ਵਿਸ਼ਵ ਪ੍ਰਸਿੱਧ ਫੁੱਟਬਾਲ ਕਲੱਬਾਂ ਰੇਂਜਰਜ਼ ਅਤੇ ਸੈਲਟਿਕ ਦੇ ਮੈਦਾਨਾਂ ਵਿੱਚ ਕਰਵਾ ਕੇ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਮੰਚ 'ਤੇ ਵਿਚਰਣ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਚੈਂਪੀਅਨਸ਼ਿਪ ਦਾ ਫਾਈਨਲ ਮੈਚ ਇਬਰੌਕਸ ਸਥਿਤ ਰੇਂਜਰਜ ਦੇ ਮੈਦਾਨ ਵਿੱਚ ਕਰਵਾਇਆ ਗਿਆ ਜਿੱਥੇ ਮੈਚ ਤੋਂ ਪਹਿਲਾਂ ਰੇਂਜਰਜ਼ ਦੇ ਮੈਨੇਜਿੰਗ ਡਾਇਰੈਕਟਰ ਸਟੂਅਰਟ ਰੌਬਰਟਸਨ ਨੇ ਸ਼ੁਭਕਾਮਨਾਵਾਂ ਭੇਂਟ ਕੀਤੀਆਂ। ਦਿਲਚਸਪ ਮੁਕਾਬਲੇ ਦੌਰਾਨ ਆਜ਼ਾਦ ਸਪੋਰਟਸ ਕਲੱਬ ਨੇ 5 ਗੋਲ ਦਾਗ ਕੇ ਆਪਣੀ ਜਿੱਤ ਦਰਜ਼ ਕੀਤੀ ਜਦੋਂ ਕਿ ਕੋਪਿਸ ਯੂਨਾਈਟਡ ਕਲੱਬ 2 ਗੋਲ ਕਰਕੇ ਉਪ ਜੇਤੂ ਰਹੀ। ਸੈਮਸਾ ਦੇ ਪ੍ਰਧਾਨ ਅਤੇ ਟਰੱਸਟੀ ਦਿਲਾਵਰ ਸਿੰਘ (ਐੱਮ ਬੀ ਈ), ਮੀਤ ਪ੍ਰਧਾਨ ਮੁਹੰਮਦ ਅਸ਼ਰਫ਼, ਸਕੱਤਰ ਮਰਿਦੁਲਾ ਚੱਕਰਬਰਤੀ, ਖਜ਼ਾਨਚੀ ਤਾਜਾ ਸਿੱਧੂ, ਸ਼ੀਲਾ ਮੁਖਰਜੀ, ਕਮਲਜੀਤ ਮਿਨਹਾਸ, ਮੁਹੰਮਦ ਆਸਿਫ, ਰਜਨੀ ਤਿਆਗੀ, ਦਲਜੀਤ ਦਿਲਬਰ, ਜਿਮ ਸਮਿਥ (ਐੱਮ ਬੀ ਈ), ਜਸ ਜੱਸਲ, ਸੰਜੇ ਮਾਝੂ, ਕੈਸ਼ ਟਾਂਕ ਆਦਿ ਨੇ ਜੇਤੂ ਟੀਮਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ। ਇਸ ਸਮੇਂ ਵੱਖ ਵੱਖ ਭਾਈਚਾਰਿਆਂ ਦੇ ਖੇਡ ਪ੍ਰੇਮੀਆਂ ਤੇ ਨਾਮੀ ਹਸਤੀਆਂ ਗਲਾਸਗੋ ਦੀ ਲੌਰਡ ਪਰੋਵੋਸਟ ਕੌਂਨਸਲਰ ਈਵਾ ਬੋਲੈਂਡਰ, ਹਮਜ਼ਾ ਯੂਸਫ (ਐੱਮ ਐੱਸ ਪੀ), ਐਨਸ ਸਰਵਰ, ਗਲਾਸਗੋ ਸਿਟੀ ਕੌਂਸਲ ਲੀਡਰ ਸੁਜੈਨ ਏਟਕਨ, ਕੌਂਸਲਰ ਡੇਵਿਡ ਮੈਕਡਾਨਲਡ, ਡਾ. ਇੰਦਰਜੀਤ ਸਿੰਘ, ਦਲਜੀਤ ਸਿੰਘ ਦਿਲਬਰ, ਜਗਦੀਸ਼ ਸਿੰਘ, ਗਰੈਗਰੀ ਥਾਮਸ, ਸੁਰਜੀਤ ਸਿੰਘ ਚੌਧਰੀ ਆਦਿ ਨੇ ਜੇਤੂ ਟੀਮਾਂ ਨੂੰ ਆਪੋ ਆਪਣੀਆਂ ਸੰਸਥਾਵਾਂ ਤਰਫ਼ੋਂ ਰੌਸ਼ਨ ਭਵਿੱਖ ਲਈ ਵਧਾਈ ਪੇਸ਼ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੌ ਬਰ ਨੌ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖ਼ਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਖੁਸ਼ਮਿਜ਼ਾਜ ਕੁੜੀ ਹਾਂ : ਵਾਣੀ ਕਪੂਰ

ਫਿਲਮ 'ਸ਼ੁੱਧ ਦੇਸੀ ਰੋਮਾਂਸ' ਨਾਲ ਫਿਲਮੀ ਕਰੀਅਰ ਸ਼ੁਰੂ ਕਰਨ ਵਾਲੀ ਵਾਣੀ ਕਪੂਰ ਨੇ ਇੱਕ ਤੋਂ ਬਾਅਦ ਇੱਕ ਤਮਿਲ ਫਿਲਮ 'ਅਹਾ ਕਲਿਆਣਮ' ਅਤੇ ਫਿਰ ਆਦਿੱਤਯ ਚੋਪੜਾ ਦੀ ਫਿਲਮ 'ਬੇਫਿਕਰੇ' ਕੀਤੀ। ਫਿਲਮਾਂ ਭਾਵੇਂ ਘੱਟ ਹੋਣ, ਪਰ ਉਸ ਨੂੰ ਯਸ਼ਰਾਜ ਪ੍ਰੋਡਕਸ਼ਨ ਵਰਗੇ ਵੱਡੇ ਬੈਨਰ ਨਾਲ ਲਾਂਚ ਕੀਤਾ ਗਿਆ ਅਤੇ ਕਿਤੇ ਕਿਤੇ ਉਹ ਆਪਣੇ ਲਈ ਨਾਂਅ ਕਮਾਉਣ ਵਿੱਚ ਸਫਲ ਵੀ ਰਹੀ। ਉਸ ਦੀਆਂ ਸਾਰੀਆਂ ਫਿਲਮਾਂ ਨੇ ਬਾਕਸ ਆਫਿਸ 'ਤੇ ਔਸਤ ਬਿਜ਼ਨਸ ਕੀਤਾ ਤੇ ਇਸ ਗੱਲ ਨੇ ਉਸ ਨੂੰ ਖਾਸ ਪ੍ਰੇਸ਼ਾਨ ਨਹੀਂ ਕੀਤਾ। ਫਿਲਹਾਲ ਉਸ ਦੇ ਹੱਥ 'ਚ ਦੋ ਚੰਗੀਆਂ ਫਿਲਮਾਂ ਹਨ ਅਤੇ ਉਸ ਨੂੰ ਲੱਗਦਾ ਹੈ ਕਿ ਇਨ੍ਹਾਂ ਫਿਲਮਾਂ ਦੇ ਜ਼ਰੀਏ ਉਹ ਰੇਸ 'ਚ ਸ਼ਾਮਲ ਹੋ ਜਾਵੇਗੀ। ਫਿਲਹਾਲ ਉਸ ਨੂੰ ਅਗਲੀ ਫਿਲਮ 'ਵਾਰ' ਦੀ ਰਿਲੀਜ਼ ਦਾ ਇੰਤਜ਼ਾਰ ਹੈ। ਪੇਸ਼ ਹਨ ਵਾਣੀ ਨਾਲ ਹੋਈ ਮੁਲਾਕਾਤ ਦੇ ਮੁੱਖ ਅੰਸ਼ :



* ਫਿਲਮ ਉਦਯੋਗ ਵਿੱਚ ਆਪਣੇ ਛੇ ਸਾਲ ਦੇ ਕਰੀਅਰ ਬਾਰੇ ਕੀ ਕਹੋਗੇ? ਕਿਸ ਤਰ੍ਹਾਂ ਦੇ ਲੋਕਾਂ ਦੇ ਨਾਲ ਕੰਮ ਕਰਨ ਦੀ ਇੱਛਾ ਹੈ?

- ਇਹੀ ਕਿ ਇਸ ਮੌਕੇ ਮੈਂ ਲੋਕਾਂ ਨਾਲ ਸਹੀ ਵਤੀਰਾ ਬਣਾਈ ਰੱਖਣ ਦੇ ਨਾਲ ਕਈ ਹੋਰ ਸਬਕ ਸਿੱਖੇ ਹਨ। ਮੈਂ ਸਿਖਿਆ ਹੈ ਕਿ ਤੁਹਾਨੂੰ 'ਮੋਟੀ ਚਮੜੀ' ਰੱਖਣਾ, ਬਹੁਤ ਸਾਰਾ ਹੌਸਲਾ ਅਤੇ ਹਮੇਸ਼ਾ ਚੰਗੇ ਬਣੇ ਰਹਿਣਾ ਜ਼ਰੂਰੀ ਹੁੰਦਾ ਹੈ। ਤੁਹਾਡਾ ਰਵੱਈਆ ਸਹੀ ਹੋਣਾ ਚਾਹੀਦਾ ਹੈ, ਕਿਉਂਕਿ ਤੁਹਾਡਾ ਵਿਹਾਰ ਬਹੁਤ ਮਹੱਤਵ ਪੂਰਨ ਹੈ। ਮੈ ਖੁਦ ਬੇਹੱਦ ਖੁਸ਼ਮਿਜ਼ਾਜ ਕਿਸਮ ਦੀ ਲੜਕੀ ਹਾਂ, ਇਸ ਲਈ ਖੁਸ਼ਮਿਜ਼ਾਜ ਅਤੇ ਚੰਗੇ ਲੋਕਾਂ ਨਾਲ ਹੀ ਕੰਮ ਕਰਨਾ ਚਾਹੁੰਦੀ ਹਾਂ। ਅਜਿਹੇ ਲੋਕ ਜਿਨ੍ਹਾਂ ਵਿੱਚ ਸਕਾਰ-ਾਤਮਕ ਨਜ਼ਰੀਆ ਹੋਵੇ। ਉਹੋ ਜਿਹੇ ਲੋਕ ਨਹੀਂ, ਜੋ ਨਕ ਚੜ੍ਹੇ, ਸ਼ਿਕਾਇਤੀ ਤੇ ਨਖਰੇ ਦਿਖਾਉਣ ਵਾਲੇ ਹੋਣ। ਮੈਂ ਹਮੇਸ਼ਾ ਚੰਗੀਆਂ ਫਿਲਮਾਂ ਦਾ ਹਿੱਸਾ ਬਣਨਾ ਚਾਹੁੰਦੀ ਹਾਂ।

* ਆਪਣੀ ਅਗਲੀ ਫਿਲਮ 'ਵਾਰ' ਬਾਰੇ ਦੱਸੋ?

- ਯਸ਼ਰਾਜ ਬੈਨਰ ਦੇ ਡਾਇਰੈਕਟਰ ਸਿਧਾਰਥ ਆਨੰਦ ਦੀ ਫਿਲਮ 'ਵਾਰ' ਵਿੱਚ ਮੈਂ ਬਾਲੀਵੁੱਡ ਦੇ ਦੋ ਹੈਂਡਸਮ ਹੀਰੋ ਰਿਤਿਕ ਰੋਸ਼ਨ ਅਤੇ ਟਾਈਗਰ ਸ਼ਰਾਫ ਨਾਲ ਨਜ਼ਰ ਆਵਾਂਗੀ। ਫਿਲਮ ਵਿੱਚ ਉਨ੍ਹਾਂ ਨੇ ਦਮਦਾਰ ਸਟੰਟ ਤੇ ਐਕਸ਼ਨ ਕੀਤੇ ਹਨ, ਪਰ ਦੱਸ ਦੇਵਾਂ ਕਿ ਉਨ੍ਹਾਂ ਦੋਵਾਂ ਨਾਲ ਫਿਲਮ ਵਿੱਚ ਮੈਂ ਵੀ ਐਕਸ਼ਨ ਕੀਤਾ ਤੇ ਮੇਰਾ ਇਹ ਐਕਸ਼ਨ ਹੀਰੋ ਦੇ ਐਕਸ਼ਨ ਤੋਂ ਵੱਖਰਾ ਹੈ। ਮੇਰਾ ਇਹ ਐਕਸ਼ਨ 'ਘੁੰਗਰੂ' ਗਾਣੇ ਵਿੱਚ ਮੇਰੇ ਡਾਂਸ ਵਿੱਚ ਨਜ਼ਰ ਆਏਗਾ। ਤੁਸ਼ਾਰ ਕਾਲੀਆ ਨੇ ਗਾਣੇ ਦੇ ਐਕਸ਼ਨ ਵਾਲੇ ਹਿੱਸੇ ਦੀ ਕੋਰੀਓਗਰਾਫੀ ਕੀਤੀ ਹੈ, ਉਨ੍ਹਾਂ ਨੇ ਇਸ ਤਰ੍ਹਾਂ ਦੇ ਸਟੰਟ 'ਚ ਐਕਸਪਰਟ ਕੁਝ ਚੰਗੇ ਕਲਾਕਾਰਾਂ ਨਾਲ ਮਿਲਵਾਇਆ, ਉਨ੍ਹਾਂ ਨਾਲ ਹੀ ਮੈਂ ਪ੍ਰੈਕਟਿਸ ਕਰਦੀ ਸੀ। ਸਕਰੀਨ 'ਤੇ ਇਕਦਮ ਪਰਫੈਕਟ ਲੱਗਾਂ, ਇਸ ਲਈ ਪੋਲ 'ਤੇ ਲੰਬੇ ਸਮੇਂ ਤੱਕ ਖੁਦ ਨੂੰ ਲਟਕਾ ਕੇ ਰੱਖਦੀ ਹਾਂ।

* ਤੁਹਾਡੀ ਫਿਲਮ 'ਸ਼ਮਸ਼ੇਰਾ' ਦੀ ਵੀ ਬਹੁਤ ਚਰਚਾ ਹੈ। ਕੀ ਖਾਸ ਹੈ ਇਸ ਵਿੱਚ?

- ਇਹ ਇੱਕ ਪੀਰੀਅਡ ਫਿਲਮ ਹੈ ਅਤੇ ਇਸ 'ਚ ਰਣਬੀਰ ਕਪੂਰ ਇੱਕ ਅਜਿਹੇ ਖੂੰਖਾਰ ਡਕੈਤ ਦਾ ਕਿਰਦਾਰ ਕਰ ਰਹੇ ਹਨ ਜਿਸ ਨੂੰ ਉਸ ਦੇ ਇਲਾਕੇ ਦੇ ਲੋਕ ਮਸੀਹਾ ਸਮਝਦੇ ਹਨ। ਇਹ ਫਿਲਮ 18ਵੀਂ ਸਦੀ ਦੇ ਉਨ੍ਹਾਂ ਡਕੈਤਾਂ ਦੀ ਕਹਾਣੀ ਹੈ, ਜੋ ਅੰਗਰੇਜ਼ਾਂ ਤੋਂ ਆਪਣੇ ਅਧਿਕਾਰਾਂ ਤੇ ਆਜ਼ਾਦੀ ਦੀ ਜੰਗ ਨੂੰ ਬਿਆਨ ਕਰਦੀ ਹੈ। ਫਿਲਮ ਵਿੱਚ ਰਣਬੀਰ ਦੀ ਜੋੜੀ ਮੇਰੇ ਨਾਲ ਹੈ। ਮੇਰਾ ਕਿਰਦਾਰ ਅਜਿਹੀ ਨ੍ਰਤਕੀ ਦਾ ਹੈ ਜਿਸ ਦਾ ਪਰਵਾਰ ਪਿੰਡਾਂ, ਕਸਬਿਆਂ 'ਚ ਘੁੰਮ ਘੁੰਮ ਕੇ ਰੋਜ਼ੀ-ਰੋਟੀ ਕਮਾਉਣਾ ਹੈ। ਫਿਲਮ ਵਿੱਚ ਮੈਨੂੰ ਬਿਲਕੁਲ ਦੇਸੀ ਅਵਤਾਰ ਦਿੱਤਾ ਗਿਆ ਹੈ ਅਤੇ ਮੈਂ ਕੋਸ਼ਿਸ਼ ਕਰ ਰਹੀ ਹਾਂ ਕਿ ਆਪਣੇ ਕਿਰਦਾਰ ਨਾਲ ਇਨਸਾਫ ਕਰ ਸਕਾਂ। ਦੱਸ ਦੇਵਾਂ ਕਿ ਇਸ ਫਿਲਮ ਵਿੱਚ ਸੰਜੇ ਦੱਤ ਵਿਲੇਨ ਦਾ ਰੋਲ ਕਰ ਰਹੇ ਹਨ।

* ਅਜਿਹੀ ਕਿਹੜੀ ਚੀਜ਼ ਹੈ, ਜੋ ਤੁਹਾਨੂੰ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ?

- ਨਿੱਜੀ ਪੱਧਰ 'ਤੇ ਜ਼ਿੰਦਗੀ ਜਿਊਣ ਦੀ ਖੁਸ਼ੀ ਹੀ ਮੈਨੂੰ ਅੱਗੇ ਲੈ ਜਾਂਦੀ ਹੈ ਅਤੇ ਪ੍ਰੋਫੈਸ਼ਨਲ 'ਤੇ ਮੈਂ ਜਿਸ ਤਰ੍ਹਾਂ ਦਾ ਕੰਮ ਕਰਦੀ ਹਾਂ, ਉਹੀ ਮੇਰੀ ਖੁਸ਼ੀ ਹੈ। ਮੈਂ ਆਪਣੇ ਕੰਮ ਬਾਰੇ ਐਂਬੀਸ਼ੀਅਸ ਹਾਂ, ਪੈਸ਼ਨੇਟ ਹਾਂ ਅਤੇ ਇਹ ਦੋ ਚੀਜ਼ਾਂ ਅਜਿਹੀਆਂ ਹਨ, ਜੋ ਆਪਣੇ ਆਪ ਮੈਨੂੰ ਖੁਸ਼ ਕਰਦੀਆਂ ਹਨ ਅਤੇ ਅੱਗੇ ਵਧਦੇ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ।

* ਲੱਗਦਾ ਹੈ ਫਿਲਹਾਲ ਤੁਸੀਂ ਆਪਣੀ ਬਾਡੀ 'ਤੇ ਕਾਫੀ ਮਿਹਨਤ ਕੀਤੀ ਹੈ?

- ਜੀ ਹਾਂ, ਕਿਉਂਕਿ 'ਬੇਫਿਕਰੇ' ਤੋਂ ਬਾਅਦ ਮੈਂ ਆਪਣੀ ਬਾਡੀ 'ਤੇ ਖਾਸ ਧਿਆਨ ਨਹੀਂ ਦਿੱਤਾ ਸੀ। ਹਰ ਤਰ੍ਹਾਂ ਦਾ ਖਾਣਾ ਖਾ ਲੈਂਦੀ ਸੀ ਤੇ ਹੈਲਦੀ ਫੂਡ ਤੋਂ ਦੂਰ ਰਹਿੰਦੀ ਸੀ। ਕਹਿ ਸਕਦੇ ਹੋ ਕਿ 'ਵਾਰ' ਤੋਂ ਪਹਿਲਾਂ ਮੈਂ ਆਪਣੀ ਬੈਸਟ ਸ਼ੇਪ ਵਿੱਚ ਨਹੀਂ ਸੀ। ਇਸ ਵਜ੍ਹਾ ਨਾਲ ਮੈਨੂੰ ਬਾਡੀ ਉਪਰ ਬਹੁਤ ਕੰਮ ਕਰਨਾ ਪਿਆ। ਜਦੋਂ ਮੈਂ ਕਾਸਟਿਊਮ ਟਰਾਇਲ ਕੀਤਾ ਮੈਨੂੰ ਪਤਾ ਲੱਗ ਗਿਆ ਕਿ ਮੈਨੂੰ ਥੋੜ੍ਹਾ ਭਾਰ ਘਟਾਉਣਾ ਪਏਗਾ। ਮੈਂ ਇਸ ਲਈ ਨਿਊਟ੍ਰੀਸ਼ੀਅਨਸ ਨਾਲ ਭਰਿਆ ਸਿਕਸ ਮੀਲ ਪੈਕ ਲੈ ਰਹੀ ਸੀ। ਮੈਂ ਇੰਟੈਂਸ ਐਕਸਰਸਾਈਜ਼ ਅਤੇ ਡਾਇਟ ਦੀ ਮਦਦ ਲਈ। ਉਂਝ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੈਂ ਫਿਟਨੈਸ ਫ੍ਰੀਕ ਨਹੀਂ ਹਾਂ।

* ਭਵਿੱਖ ਦੀਆਂ ਕੀ ਯੋਜਨਾਵਾਂ ਹਨ?

- ਕਿੰਨਾ ਕੁਝ ਹੈ ਕਰਨ ਲਈ, ਕਿੰਨੇ ਸਾਰੇ ਚੈਲੇਂਜਸ ਹਨ ਰਸਤੇ 'ਚ ਜਿਨ੍ਹਾਂ ਦਾ ਮੈਂ ਇੰਤਜ਼ਾਰ ਵੀ ਕਰ ਰਹੀ ਹਾਂ। ਮੈਂ ਇੱਕ ਐਕਸ਼ਨ ਫਿਲਮ, ਇੱਕ ਫੁੱਲ ਆਨ ਕਾਮੇਡੀ ਫਿਲਮ, ਫੈਮਿਲੀ ਡਰਾਮਾ ਅਤੇ ਦਿਲ ਨੂੰ ਛੂਹ ਲੈਣ ਵਾਲੀ ਰੋਮਾਂਟਿਕ ਫਿਲਮ ਕਰਨਾ ਚਾਹੁੰਦੀ ਹਾਂ। ਮੈਂ ਇੰਤਜ਼ਾਰ ਕਰ ਰਹੀ ਹਾਂ ਕਿ ਮੈਨੂੰ ਉਹੋ ਜਿਹਾ ਕੰਮ ਮਿਲੇ, ਜਿਹੋ ਜਿਹਾ ਮੈਂ ਕਰਨਾ ਚਾਹੁੰਦੀ ਹਾਂ।

# ਦਿਸ਼ਾ ਦੀ ਕਾਲਜ ਵਾਲੀ ਮਸਤੀ



ਦਿਸ਼ਾ ਪਟਾਨੀ ਸੋਸ਼ਲ ਮੀਡੀਆ ਉੱਤੇ ਲਗਾਤਾਰ ਛਾਈ ਰਹਿੰਦੀ ਹੈ। ਪਿੱਛੇ ਜਿਹੇ ਉਸ ਨੇ ਸੋਸ਼ਲ ਮੀਡੀਆ ਉੱਤੇ ਆਪਣੀ ਇੱਕ ਫੋਟੋ ਪੋਸਟ ਕੀਤੀ ਹੈ, ਜਿਸ ਵਿੱਚ ਉਹ ਇੱਕ ਸਹੇਲੀ ਨਾਲ ਰਿਕਸ਼ੇ ਉੱਤੇ ਬੈਠੀ ਨਜ਼ਰ ਆ ਰਹੀ ਸੀ। ਉਂਝ ਇਹ ਪਹਿਲੀ ਵਾਰ ਨਹੀਂ, ਜਦੋਂ ਦਿਸ਼ਾ ਦੀਆਂ ਪੁਰਾਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਛਾ ਗਈਆਂ।

ਫੋਟੋ ਵਿੱਚ ਦਿਸ਼ਾ ਕਾਲਜ ਦੇ ਇੱਕ ਫੰਕਸ਼ਨ ਦਾ ਹਿੱਸਾ ਬਣੀ ਨਜ਼ਰ ਆ ਰਹੀ ਸੀ, ਜਿੱਥੇ ਉਹ ਕਾਲਜ ਵਾਲੀ ਮਸਤੀ ਦੇ ਅੰਦਾਜ਼ ਵਿੱਚ ਦਿੱਸਦੀ ਸੀ। ਇਸ ਪੁਰਾਣੀ ਤਸਵੀਰ ਵਿੱਚ ਉਹ ਆਪਣੀ ਸਹੇਲੀ ਸਾਕਸ਼ੀ ਚੌਧਰੀ ਨਾਲ ਨਜ਼ਰ ਆ ਰਹੀ ਸੀ। ਸਾਕਸ਼ੀ ਉਸ ਦੀ ਸਕੂਲ ਕਾਲਜ ਦੇ ਦਿਨਾਂ ਵਾਲੀ ਸਹੇਲੀ ਹੈ। ਬਾਲੀਵੁੱਡ ਵਿੱਚ 'ਐੱਮ ਐੱਸ ਧੋਨੀ' ਦੀ ਬਾਇਓਪਿਕ ਨਾਲ ਐਂਟਰੀ ਲੈਣ ਵਾਲੀ ਦਿਸ਼ਾ ਆਪਣੀ ਫਿਟਨੈੱਸ ਲਈ ਖੂਬ ਜਾਣੀ ਜਾਂਦੀ ਹੈ। ਅਕਸਰ ਸੋਸ਼ਲ ਮੀਡੀਆ ਵਿੱਚ ਆਪਣੀ ਫਿਟਨੈੱਸ ਨਾਲ ਜੁੜੀਆਂ ਤਸਵੀਰਾਂ ਸ਼ੇਅਰ ਕਰਨ ਵਿੱਚ ਜੁਟੀ ਰਹਿੰਦੀ ਹੈ। ਫਿਲਹਾਲ ਉਹ ਫਿਲਮ 'ਮਲੰਗ' ਦੀ ਸ਼ੂਟਿੰਗ ਵਿੱਚ ਬਿਜ਼ੀ ਹੈ, ਜਿਸ ਵਿੱਚ ਉਹ ਆਦਿੱਤਯ ਰਾਏ ਕਪੂਰ ਨਾਲ ਦਿਸ਼ੇਗੀ।

# ਮੇਰੀਆਂ ਕਹਾਣੀਆਂ ਵਿੱਚ ਰੋਮਾਂਸ ਨਹੀਂ : ਤੱਬੂ



ਇਨ੍ਹਾਂ ਦਿਨਾਂ ਵਿੱਚ 'ਭਾਰਤ' ਅਤੇ 'ਦੇ ਦੇ ਪਿਆਰ ਦੇ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਈ ਤੱਬੂ ਦਾ ਕਹਿਣਾ ਹੈ ਕਿ ਉਸ ਨੂੰ ਲਿਖਣ ਦਾ ਸ਼ੌਕ ਹੈ, ਪਰ ਉਹ ਫਿਲਮ ਦੇ ਲਾਇਕ ਕੁਝ ਨਹੀਂ ਲਿਖ ਰਹੀ। ਉਹ ਕਹਿੰਦੀ ਹੈ, ''ਮੈਂ ਲਗਾਤਾਰ ਲਿਖਦੀ ਰਹਿੰਦੀ ਹਾਂ। ਕਾਫੀ ਕੁਝ ਲਿਖਦੀ ਹਾਂ, ਪਰ ਕਹਾਣੀ ਜਾਂ ਫਿਲਮ ਵਰਗਾ ਕੁਝ ਨਹੀਂ ਲਿਖਦੀ। ਮੇਰੀਆਂ ਕਹਾਣੀਆਂ ਵਿੱਚ ਜਾਂ ਇੰਝ ਕਹੋ, ਜੋ ਵੀ ਅਨੁਭਵ ਲਿਖਦੀ ਹਾਂ, ਮੈਨੂੰ ਲੱਗਦਾ ਹੈ ਕਿ ਉਸ ਵਿੱਚ ਅੰਤ ਅਤੇ ਸ਼ੁਰੂਆਤ ਲੱਭਣ ਵਿਚ ਮੈਨੂੰ ਪ੍ਰੇਸ਼ਾਨੀ ਹੁੰਦੀ ਹੈ। ਮੇਰੀ ਲੇਖਣੀ ਵਿੱਚ ਰੋਮਾਂਸ ਨਹੀਂ ਹੁੰਦਾ, ਜਿੱਥੇ ਮੈਂ ਘੁੰਮਣ ਜਾਂਦੀ ਹਾਂ ਤੇ ਜੋ ਜ਼ਿੰਦਗੀ ਦਾ ਸਫਰ ਹੈ, ਉਸ ਨੂੰ ਲਿਖਣਾ ਪਸੰਦ ਹੈ। ਮੈਨੂੰ ਕਦੇ ਕਦੇ ਲੱਗਦਾ ਹੈ ਕਿ ਮੇਰੇ ਵਿੱਚ ਰੋਮਾਂਸ ਹੈ ਨਹੀਂ। ਮੇਰੀ ਰੋਮਾਂਸ ਦੀ ਸਮਝ ਵੱਖਰੀ ਹੈ।''

ਫਿਲਮਾਂ ਵਿੱਚ ਅੱਜ ਕੱਲ੍ਹ ਵੱਡੀ ਉਮਰ ਦੀਆਂ ਹੀਰੋਇਨਾਂ ਨੂੰ ਚੰਗਾ ਕੰਮ ਮਿਲਣ ਬਾਰੇ ਪੁੱਛਣ 'ਤੇ ਤੱਬੂ ਨੇ ਕਿਹਾ, ''ਮੈਨੂੰ ਲੱਗਦਾ ਹੈ ਕਿ ਸੋਚ ਬਦਲ ਰਹੀ ਹੈ। ਲੋਕਾਂ ਦੇ ਮਾਈਂਡ ਸੈੱਟ ਵਿੱਚ ਕਾਫੀ ਕੁਝ ਬਦਲਾਅ ਆਇਆ ਹੈ। ਪਹਿਲਾਂ ਤਾਂ ਲੋਕਾਂ ਦੇ ਮਨ ਵਿੱਚ ਅਭਿਨੇਤਰੀਆਂ ਦੀ ਉਮਰ ਬਾਰੇ ਦੁਚਿੱਤੀ ਹੁੰਦੀ ਸੀ, ਅੱਜ ਕੱਲ੍ਹ ਨਹੀਂ। ਅੱਜ ਕੱਲ੍ਹ ਦੀਆਂ ਫਿਲਮਾਂ ਦੇ ਕਰੈਕਟਰ ਖਾਸ ਹੋ ਜਾਂਦੇ ਹਨ। ਲੋਕਾਂ ਨੇ ਹਰ ਤਰ੍ਹਾਂ ਦੀਆਂ ਫਿਲਮਾਂ ਦੇਖਣੀਆਂ ਹੁੰਦੀਆਂ ਹਨ। ਫਿਲਮ ਹੀਰੋ ਅਤੇ ਹੀਰੋਇਨ 'ਤੇ ਆਧਾਰਤ ਨਹੀਂ ਹੈ। ਆਲੇ ਦੁਆਲੇ ਦੇ ਕਿਰਦਾਰ ਖਾਸ ਹਨ। ਦੋਸਤਾਂ 'ਤੇ, ਪਰਵਾਰ 'ਤੇ ਫਿਲਮਾਂ ਬਣਦੀਆਂ ਹਨ। ਇਹੀ ਵਜ੍ਹਾ ਹੈ ਕਿ ਸਿਰਫ ਹੀਰੋ ਅਤੇ ਹੀਰੋਇਨ ਵਾਲੀਆਂ ਫਿਲਮਾਂ ਦਾ ਦੌਰ ਨਹੀਂ। ਕਹਾਣੀ ਅਤੇ ਕਰੈਕਟਰ ਹੀ ਕਿੰਗ ਹਨ।''

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr



www.BramptonTopRelator.com

**JAG AUJLA**
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated)
Off: 905-456-3232

Advertisement GUARANTEED Till SOLD


Other Realtors only Promise
But JAG AUJLA SOLD YOUR HOME WITH
**GUARANTEE**
**OR HE'LL BUY IT!***
*Some Conditions Apply


1% Ranked Top Broker


Call For a Quick & Free Home Evaluation
www.BramptonQuickHomeEvaluation.com

**2016,2015,2014,2013 **(2009,2008) 2012,2011,2010) **RE/MAX International **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON

**ਟੋਰਬਰੈਮ / ਬਵੇਰਡ**
ਸਪਰਿੰਗਡੇਲ ਨੇੜੇ, ਸ਼ਾਨਦਾਰ ਤੇ ਸਾਫ ਸੁਥਰਾ 4 ਬੈਡਰੂਮ +3 ਵਾਸ਼ਰੂਮ ਦਾ ਡਿਟੈਚ ਘਰ। unspoiled ਬੇਸਮੈਂਟ, ਚਮਕਦਾਰ ਲੇਮੀਨੇਟਡ ਫਲੋਰ ਤੇ ਸਟੇਂਡ ਓਕ ਸਟੇਅਰਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ-ਸੂਟ ਤੇ ਵਾਕ ਇੰਨ ਕਲੋਜ਼ਿਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

BRAMPTON

**ਕੰਟਰੀਸਾਈਡ/ਮਕਵੀਨ**
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

**ਬਵੇਰਡ/ਚਿੰਗੂਜੀ**
SOLD AT 100% OF ASKING PRICE

BRAMPTON

**ਵੈਨਲੈਸ/ ਮੇਕਲਾਗਲਿਨ**
SOLD AT 100% OF ASKING PRICE IN 1 DAY

BRAMPTON

**ਵੇਨਲੈਸ / ਵੇਨ-ਕ੍ਰਿਕ**
ਬਹੁਤ ਹੀ ਸ਼ਾਨਦਾਰ, ਖੁਲ੍ਹਾ-ਡੁਲ੍ਹਾ ਤੇ ਡਿਟੈਚ ਡਬਲ ਸਟੋਰੀ ਟਾਉਨ-ਹਾਉਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੁਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

**NEED MORE LISTINGS !!!**
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



**Grand Upholstery Ltd**
**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.

**ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ**

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



ticoca IATA

Call Us For Guaranteed Lowest Airfare
ANY Airline Time Destination Around the World

WESTJET vacations, transat, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com





**ਇਸ ਸਮੇਂ ਬਰੈਂਪਟਨ ਨੂੰ ਇਕ ਹੋਰ ਨਵੇਂ ਹਸਪਤਾਲ ਦੀ ਲੋੜ ਹੈ।**

ਇਸ ਕਰਕੇ **NDP** ਸੰਪੂਰਨ ਹੈਲਥਕੇਅਰ ਕਵਰੇਜ ਦਾ ਐਲਾਨ ਕਰਦੀ ਹੈ, ਜਿਸ ਨਾਲ ਬਰੈਂਪਟਨ ਦੇ ਵਿਚ ਇਕ ਨਵਾਂ ਹਸਪਤਾਲ, ਸਿਰ ਤੋਂ ਲੈ ਕੇ ਪੈਰਾਂ ਤੱਕ ਸਿਹਤ ਸੇਵਾਵਾਂ ਅਤੇ ਦੰਦਾਂ ਤੇ ਅੱਖਾਂ ਦਾ ਇਲਾਜ ਵੀ ਸ਼ਾਮਿਲ ਹੈ।

**Team Brampton**



MELISSA EDWARDS for Brampton North
SARANJIT SINGH for Brampton East
MANDEEP KAUR for Brampton South
NAVJIT KAUR for Brampton West
JORDAN BOSWELL for Brampton Centre

**21 ਅਕਤੂਬਰ ਨੂੰ ਤੁਸੀ NDP ਅਤੇ ਜਗਮੀਤ ਸਿੰਘ ਨੂੰ ਵੋਟ ਪਾਕੇ ਕਾਮਜ਼ਾਬ ਕਰੋ।**

ndp.ca

ਜਗਮੀਤ ਸਿੰਘ ਹਮੇਸ਼ਾ ਤੁਹਾਡੀ ਸੇਵਾ ਵਿਚ

Jagmeet Singh NDP

Ride Ontario's Heritage Railway

SPECIAL RIDES
FALL COLOURS TOURS

Oct 5,6, Oct 12,13,14 & Oct 19, 20

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ



SOUTH SIMCOE RAILWAY
ONTARIO'S FIRST STEAM HERITAGE RAILWAY

Ask about on-board Birthday Parties!



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca

GPS 44.01.19 N
79.48.27 W

or call:905.936.5815

VISA MasterCard Interac

REXDALE BODY SHOP
USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com
Laddi

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

IFS
INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677